ਵਾਯੂ ਅਧਿਐਨ

ਦ ਪਰਾਬਲਮ ਆਫ਼ ਦਿ "ਅਨਫਿਨਿਸ਼ਡ" ਥਰਡ ਸਾਈਕਲ ਆਫ਼ ਸਪੀਚਸ

ਸਮੱਸਿਆ

ਗੱਲਾਂਬਾਤਾਂ ਦੇ "ਅਧੂਰੇ" ਤੀਸਰੇ ਦੌਰ ਦੀ ਸਮੱਸਿਆ ਤਿੰਨਾਂ ਭਾਗਾਂ ਦੇ ਇਰਦ-ਗਿਰਦ ਘੁੰਮਦੀ ਹੈ: ਪਹਿਲਾ, ਸੋਫ਼ਰ ਅੱਯੂਬ ਦੀ ਪੁਸਤਕ ਦੇ ਮੇਸੋਰੀ ਲਿਖਤ ਦੀਆਂ ਗੱਲਾਂਬਾਤਾਂ ਦੇ ਤੀਸਰੇ ਅਤੇ ਆਖਰੀ ਦੌਰ ਵਿਚ ਨਹੀਂ ਬੋਲਦਾ ਹੈ (22:1-27:23)। ਦੂਸਰਾ, ਬਿਲਦਦ ਦੀ ਤੀਜੀ ਗੱਲਬਾਤ ਸੰਖੇਪ ਹੈ, ਜਿਸ ਵਿਚ ਸਿਰਫ ਛੇ ਆਇਤਾਂ ਹਨ (25:1-6)। ਤੀਸਰਾ, 26:1-27:23 ਵਿਚ ਅੱਯੂਬ ਦਾ ਉੱਤਰ, ਉਸ ਤੋਂ ਬਾਅਦ ਦੇ 28:1-31:40 ਵਿਚਲੇ ਉਸ ਦੀ ਅੰਤਿਮ ਗੱਲਬਾਤ, ਛੇ ਅਧਿਆਵਾਂ ਦਾ ਵਰਣਨ ਕਰਨ ਵਾਲੀ ਅੱਯੂਬ ਦੇ ਦੁਆਰਾ ਇਕ ਅਸਧਾਰਣ ਲੰਬੀ ਚਰਚਾ ਹੈ। ਇਹ ਅਧਿਆਇ ਸੰਖੇਪ ਪੜਤਾਲ ਅਤੇ ਬਹੁਤ ਹੀ ਚਰਚਾ ਦਾ ਵਿਸ਼ਾ ਰਹੇ ਹਨ।

1780 ਵਿਚ, ਬੀ. ਕੇਨੀਕੋਟ ਨੇ ਸੁਝਾਅ ਦਿੱਤਾ ਕਿ ਸੋਫ਼ਰ ਦੀ ਗੁਆਚੀ ਹੋਈ ਇਕ ਗੱਲਬਾਤ ਅੱਯੂਬ 27:13-23.[1] ਵਿਚ ਪਾਈ ਜਾ ਸਕਦੀ ਹੈ।[1] ਕੁਝ ਵਿਦਵਾਨਾਂ ਨੇ ਅੱਯੂਬ ਦੀ ਗੱਲਬਾਤ ਦੇ ਵੱਖ-ਵੱਖ ਹਿੱਸਿਆਂ ਨੂੰ ਸੋਫ਼ਰ ਨੂੰ ਸੌਂਪ ਕੇ ਉਸ ਨਮੂਨੇ ਦਾ ਪਾਲਣ ਦਾ ਪਾਲਣ ਕੀਤਾ ਜੋ ਸੋਫ਼ਰ ਨੇ ਸਥਾਪਤ ਕੀਤਾ ਸੀ।[2] ਇਸ ਤੋਂ ਇਲਾਵਾ, ਹੋਰਨਾਂ ਨੇ ਵੀ ਸੁਝਾਅ ਦਿੱਤਾ ਕਿ ਬਿਲਦਦ (25:1-6) ਦੀ ਗੱਲਬਾਤ ਨੂੰ ਹੋਰ ਵੀ ਵਧੇਰੇ ਲੰਬਾ ਕੀਤਾ ਜਾਣਾ ਚਾਹੀਦਾ ਹੈ।[3] ਸਮੱਸਿਆ ਦੇ ਪ੍ਰਸਤਾਵਿਤ ਹੱਲ ਲਗਭਗ ਓਨੇ ਹੀ ਹਨ ਜਿੰਨੇ ਵਿਦਵਾਨਾਂ ਨੇ ਸਮੱਗਰੀ ਦਾ ਅਧਿਐਨ ਕੀਤਾ ਹੈ।

ਦਲੀਲਾਂ ਦਾ ਮੁਲਾਂਕਣ

ਉਹ ਲੋਕ ਜੋ ਗੱਲਾਂਬਾਤਾਂ ਦੇ ਤੀਸਰੇ ਚੱਕਰ ਨੂੰ ਪੂਰਾ ਕਰਨ ਦੇ ਲਈ ਅੱਯੂਬ ਨੂੰ ਦਿੱਤੇ ਗਏ ਅਧਿਆਵਾਂ ਨੂੰ ਮੁੜ ਵੰਡਣ ਦੇ ਹੱਕ ਵਿਚ ਹਨ, ਉਨ੍ਹਾਂ ਨੇ ਆਪਣੀਆਂ ਸਥਿਤੀਆਂ ਦੇ ਸਮਰਥਨ ਵਿਚ ਤਿੰਨ ਬੁਨਿਆਦੀ ਦਲੀਲਾਂ ਦੀ ਪੇਸ਼ਕਸ਼ ਕੀਤੀ ਹੈ।

ਸਭ ਤੋ ਪਹਿਲਾਂ, ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਬਿਲਦਦ ਦੀ ਤੀਜੀ ਗੱਲਬਾਤ ਅਸਧਾਰਣ ਰੂਪ ਵਿਚ ਛੋਟੀ ਹੈ ਅਤੇ ਕੁਝ ਹੱਦ ਤੱਕ ਉਸ ਦੇ ਪਿਛਲੇ ਬੋਲਾਂ ਦੇ ਨਾਲ ਚਰਿੱਤਰ ਤੋਂ ਬਾਹਰ ਹੈ। ਪਰ, ਇਹ ਦਰਸਾਇਆ ਗਿਆ ਹੈ ਕਿ ਗੱਲਾਂਬਾਤਾਂ ਦਾ ਪ੍ਰਗਤੀਸ਼ੀਲ ਛੋਟਾ ਹੋਣਾ ਇਕ ਸਧਾਰਣ ਨਮੂਨੇ ਦਾ ਹਿੱਸਾ ਹੋ ਸਕਦਾ ਹੈ ਜੋ ਲੇਖਕ ਦੁਆਰਾ ਤਿਆਰ ਕੀਤਾ ਗਿਆ ਹੈ।[4] ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਅੱਯੂਬ ਦੇ ਮਿੱਤਰਾਂ ਨੇ ਆਪਣੀਆਂ ਸਾਰੀਆਂ ਦਲੀਲਾਂ

ਖਤਮ ਕਰ ਦਿੱਤੀਆਂ ਸਨ। ਅਲੀਹੂ ਦੀ ਗੱਲਬਾਤ ਦੇ ਸ਼ੁਰੂਆਤੀ ਪੈਰ੍ਹੇ ਇਸ ਵਿਚਾਰ ਦਾ ਸਮਰਥਨ ਕਰਦੇ ਹਨ। ਅੱਯੂਬ ਦੀ ਨਿਰਾਸ਼ਾ ਦਾ ਇਕ ਹਿੱਸਾ ਉਸ ਨੂੰ ਉੱਤਰ ਦੇਣ ਵਿਚ ਉਸ ਦੇ ਮਿੱਤਰਾਂ ਦੀ ਸਮਰੱਥਾ ਸੀ (32:3, 5, 12)। ਇਸ ਤੋਂ ਇਲਾਵਾ, ਬਿਲਦਦ ਦੀ ਤੀਜੀ ਗੱਲਬਾਤ ਦੇ ਚਰਿੱਤਰ ਵਿਚ ਅੰਤਰ ਨੂੰ ਹਿੱਸਾ ਲੈਣ ਵਾਲਿਆਂ ਦੇ ਵੱਧਦੇ ਤਨਾਅ ਦੇ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਦੂਸਰਾ, ਕੁਝ ਲੋਕਾਂ ਨੇ ਦਲੀਲ ਦਿੱਤੀ ਹੈ ਕਿ ਤੀਸਰੇ ਚੱਕਰ ਨੂੰ ਪੂਰਾ ਕਰਨ ਜਾਂ ਸੰਤੁਲਿਤ ਕਰਨ ਦੇ ਲਈ ਸੋਫ਼ਰ ਦਾ ਤੀਸਰਾ ਪ੍ਰਵਚਨ ਜ਼ਰੂਰੀ ਸੀ। ਇਸ ਤੋਂ ਇਲਾਵਾ, ਏ. ਐੱਸ. ਪੀਕ ਨੇ ਦਾਅਵਾ ਕੀਤਾ ਕਿ ਸੋਫ਼ਰ ਇਕ ਚੁੱਪ ਰਹਿਣ ਵਾਲਾ ਆਦਮੀ ਨਹੀਂ ਸੀ।[5] ਹਾਲਾਂਕਿ, ਉੱਪਰ ਦੱਸੇ ਗਏ ਉੱਤਰ ਹੀ ਇੱਥੇ ਵੀ ਲਾਗੂ ਹੋਣਗੇ ਜੇਕਰ ਸੱਚਮੁੱਚ ਲੇਖਕ ਦਾ ਉਦੇਸ਼ ਇਹ ਦਿਖਾਉਣਾ ਸੀ ਕਿ ਮਿੱਤਰਾਂ ਦੇ ਕੋਲ ਕਹਿਣ ਦੇ ਲਈ ਹੋਰ ਕੁਝ ਵੀ ਨਹੀਂ ਸੀ।

ਲਿਖਤ ਦੀ ਮੁੜ ਵੰਡ ਦੇ ਵਿਚ ਪ੍ਰਗਟ ਮੁਸ਼ਕਲਾਂ ਸਪੱਸ਼ਟ ਰੂਪ ਵਿਚ ਉਨ੍ਹਾਂ ਲੋਕਾਂ ਦੇ ਵਿਚਕਾਰ ਵਿਚਾਰਾਂ ਦੇ ਸਪੱਸ਼ਟ ਅੰਤਰ ਵਿਚ ਵੇਖੀਆਂ ਜਾਂਦੀਆਂ ਹਨ ਜੋ ਇਸ ਨੂੰ ਕਰਨਾ ਚਾਹੁੰਦੇ ਹਨ। ਸੋਲੋਮੋਨ ਬੀ. ਫ੍ਰੀਹੋਫ ਨੇ ਖੁੱਲ੍ਹ ਕੇ ਲਿਖਿਆ,

> ਬਹੁਤ ਸਾਰੇ ਮਾਮਲਿਆਂ ਵਿਚ ਚੱਕਰ ਦੇ ਅਸਲੀ ਕ੍ਰਮ ਨੂੰ ਬਹਾਲ ਕਰਨਾ ਬਹੁਤ ਹੀ ਮੁਸ਼ਕਲ ਹੁੰਦਾ ਹੈ। ਬਹੁਤ ਸਾਰੇ ਵਿਦਵਾਨਾਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਇਕ ਅਧਿਆਇ ਵਿੱਚੋਂ ਆਇਤਾਂ ਜਾਂ ਆਇਤਾਂ ਵਿੱਚੋਂ ਕੁਝ ਹਿੱਸਿਆਂ ਨੂੰ ਚੁਣਦੇ ਹਨ ਅਤੇ ਉਸ ਨੂੰ ਅੱਯੂਬ ਦੀ ਅਸਲੀ ਗੱਲਬਾਤ ਬਣਾਉਣ ਦੇ ਲਈ ਪੁਨਰਗਠਿਤ ਕਰਦੇ ਹਨ, ਜਾਂ ਬਹੁਤ ਸਾਰੇ ਮਾਮਲਿਆਂ ਵਿਚ ਸੋਫ਼ਰ ਦੀ ਗੱਲਬਾਤ ਨੂੰ ਪੁਨਰਸਥਾਪਤ ਕਰਨਾ ਬਹੁਤ ਹੀ ਮੁਸ਼ਕਲ ਹੈ, ਆਦਿ। *ਤੱਥ ਇਹ ਹੈ ਕਿ ਹਰ ਵਿਦਵਾਨ ਦਾ ਆਪਣਾ ਪੁਨਰ-ਨਿਰਮਾਣ ਹੁੰਦਾ ਹੈ ਜੋ ਇਹ ਦਰਸਾਉਂਦਾ ਹੈ ਕਿ ਕੋਈ ਵੀ ਪੁਨਰ ਨਿਰਮਾਣ ਖੁਦ ਪੁਨਰ ਨਿਰਮਾਣ ਕਰਨ ਵਾਲੇ ਤੋਂ ਇਲਾਵਾ ਹੋਰ ਕਿਸੇ ਨੂੰ ਯਕੀਨ ਨਹੀਂ ਦਿਵਾਉਂਦਾ ਹੈ।* ਨਿਸ਼ਚਤ ਤੌਰ ਤੇ ਸਾਡੇ ਵੱਲੋਂ ਕੀਤੀ ਗਈ ਕੋਈ ਵੀ ਕੋਸ਼ਿਸ਼ ਪਾਠਕ ਨੂੰ ਭਰਮ ਵਿਚ ਪਾ ਦੇਵੇਗੀ। ਇਸ ਤੋਂ ਇਲਾਵਾ, ਇਹ ਸਭ ਤੋਂ ਵਧੀਆ ਸਿਰਫ ਸਿਧਾਂਤਕ ਮੁੱਲ ਦਾ ਹੋਵੇਗਾ।[6]

ਤੀਜਾ, ਕੁਝ ਲੋਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਅੱਯੂਬ ਨੂੰ ਦਰਸਾਉਣ ਵਾਲੇ ਅਧਿਆਵਾਂ ਵਿਚ ਉਹ ਸਮੱਗਰੀ ਹੈ ਜੋ "ਅੱਯੂਬ ਦੇ ਬੁੱਲ੍ਹਾਂ ਤੇ ਅਣਉਚਿਤ ਜਾਪਦੀ ਹੈ।"[7] ਮੇਰੀ ਰਾਏ ਵਿਚ, ਇਹ ਸਭ ਤੋਂ ਪ੍ਰਭਾਵਸ਼ਾਲੀ ਦਲੀਲ ਹੈ। ਇਹ ਖਾਸ ਤੌਰ ਤੇ ਅੱਯੂਬ 27:13-23 ਤੇ ਲਾਗੂ ਹੁੰਦੀ ਹੈ। ਇਸ ਦੇ ਜਵਾਬ ਵਿਚ, ਲਗਭਗ ਇਕ ਸਦੀ ਪਹਿਲਾਂ, ਕਾਰਲ ਬੁੱਡੇ ਨੇ ਸੁਝਾਅ ਦਿੱਤਾ ਕਿ ਅੱਯੂਬ ਆਪਣੇ ਮਿੱਤਰਾਂ ਦੀਆਂ ਆਪਣੀਆਂ ਦਲੀਲਾਂ ਨੂੰ ਉਨ੍ਹਾਂ ਦੇ ਵੱਲ ਹੀ ਮੋੜ ਰਿਹਾ ਸੀ।[8] ਗਲੀਸਨ ਐੱਲ. ਆਰਚਰ, ਜੂਨੀਅਰ ਨੇ, ਇਸ ਵਿਸ਼ੇ ਦੇ ਬਾਰੇ ਇਕ ਦਿਲਚਸਪ ਟਿੱਪਣੀ ਦਿੱਤੀ:

> ਅਲੀਫ਼ਜ਼, ਬਿਲਦਦ, ਅਤੇ ਸੋਫ਼ਰ ਬਾਰ-ਬਾਰ ਦੁਸ਼ਟਾਂ ਦੀ ਅਟੱਲ ਸਜ਼ਾ ਤੇ ਵਿਚਾਰ ਕਰ ਰਹੇ ਸਨ ਅਤੇ ਅੱਯੂਬ ਦੇ ਅੱਗੇ ਬੇਨਤੀ ਕਰ ਰਹੇ ਸਨ ਕਿ ਉਹ ਆਪਣੇ ਗੁਪਤ ਪਾਪ ਤੋਂ ਤੋਬਾ ਕਰੇ। ਪਰ ਦੂਜੇ ਪਾਸ ਇਸ ਗੱਲ ਨੂੰ ਪਛਾਣਿਆ ਜਾਣਾ ਚਾਹੀਦਾ ਹੈ ਕਿ ਅੱਯੂਬ ਖੁਦ ਪਾਪੀ ਦੇ ਬਚਾਅ ਦੇ ਲਈ ਕੋਈ ਗੱਲ ਨਹੀਂ ਕਰਦਾ ਹੈ ਜਾਂ ਨਾ ਹੀ ਆਪਣੇ ਆਪ ਦੇ ਲਈ ਕੋਈ ਉਮੀਦ ਰੱਖਦਾ ਹੈ ਕਿ ਉਹ ਆਖ਼ਰਕਾਰ ਪਰਮੇਸ਼ੁਰ ਦੇ ਨਿਆਂ ਤੋਂ ਬਚ ਜਾਵੇਗਾ। ਅਸਲ ਵਿਚ ਅਧਿਆਇ 27 ਵਿਚ ਉਹ ਕੀ ਕਰਦਾ ਹੈ ਉਹ ਬੜੀ ਕੁਸ਼ਲਤਾ ਦੇ ਨਾਲ ਆਪਣੇ ਅਨਿਆਂ ਨਾਲ ਦੋਸ਼ ਲਾਉਣ ਵਾਲੇ ਲੋਕਾਂ ਦੀ ਸੂਚੀ ਨੂੰ ਘੁਮਾ ਦਿੰਦਾ ਹੈ ਜਿਨ੍ਹਾਂ ਨੇ ਦ੍ਰਿੜ੍ਹਤਾ

ਨਾਲ ਜ਼ੋਰ ਦਿੱਤਾ ਸੀ ਕਿ ਉਸ ਦੀ ਬਿਪਤਾ ਉਸ ਦੇ ਕਿਸੇ ਛੁਪੇ ਹੋਏ ਅਤੇ ਇਕਰਾਰ ਨਾ ਕੀਤੇ ਹੋਏ ਪਾਪ ਦਾ ਨਤੀਜਾ ਸੀ। ਫਿਰ, ਧਾਰਮਿਕਤਾ, ਸੱਭਿਅਤਾ ਅਤੇ ਨਿਆਂ ਦੇ ਕਾਰਨਾਂ ਦੀ ਅਨੁਚਿਤਤਾ ਤੇ ਜ਼ੋਰ ਦੇ ਕੇ, ਅੱਯੂਬ ਆਪਣੀ ਉਮੀਦ ਜ਼ਾਹਿਰ ਕਰਨ ਲਈ ਬਹੁਤ ਸਾਰੀਆਂ ਦਲੀਲਾਂ ਵਿੱਚੋਂ ਨਿਕਲਦਾ ਹੈ ਕਿ ਉਸ ਦੇ ਭਿਆਨਕ ਦੋਸ਼ ਲਾਉਣ ਵਾਲੇ ਖੁਦ ਆਪਣੇ ਆਪ ਨੂੰ ਅਤੇ ਆਪਣੇ ਚਰਿੱਤਰ ਨੂੰ ਕਾਲਾ ਕਰਨ ਦੇ ਦੁਆਰਾ ਆਪਣੇ ਅਨਿਆਂ ਦਾ ਫਲ ਭੋਗਣਗੇ।[9]

ਸਿੱਟਾ

ਅੰਤ ਵਿਚ, ਇਹ ਮੇਰੀ ਰਾਏ ਹੈ ਕਿ ਭਾਵੇਂ ਸਮੱਸਿਆਵਾਂ ਮੌਜੂਦ ਹਨ, ਤਾਂ ਵੀ ਕੋਈ ਵੀ ਅੱਯੂਬ ਦੀ ਲਿਖਤ ਦੀ ਖਰਿਆਈ ਦੀ ਚੋਣ ਕਰ ਸਕਦਾ ਹੈ। ਇਸ ਦੇ ਵਿਰੁੱਧ ਦਲੀਲਾਂ ਨਿਰਵਿਘਨ ਦਿਖਾਈਆਂ ਗਈਆਂ ਹਨ। ਇੱਥੋਂ ਤੱਕ ਕਿ ਉਹ ਵਿਦਵਾਨ ਜੋ ਅੱਯੂਬ ਦੀ ਆਖ਼ਰੀ ਗੱਲਬਾਤ ਨੂੰ ਵੰਡਣ ਦੇ ਲਈ ਬਹਿਸ ਕਰਦੇ ਹਨ ਉਹ ਇਸ ਗੱਲ ਦੇ ਲਈ ਇਕਜੁੱਟ ਨਹੀਂ ਹਨ ਕਿ ਕਿਨ੍ਹਾਂ ਭਾਗਾਂ ਨੂੰ ਵੰਡਿਆ ਜਾਣਾ ਚਾਹੀਦਾ ਹੈ। ਬਹੁਤ ਸਾਰੇ ਵਿਦਵਾਨ ਅੱਜ ਅੱਯੂਬ ਦੀ ਪੁਸਤਕ ਦੇ ਸੰਪੂਰਣ ਨਜ਼ਰੀਏ ਦੀ ਚੋਣ ਕਰ ਰਹੇ ਹਨ।

ਟਿੱਪਣੀਆਂ

[1]ਆਰ. ਕੇ. ਹੈਰੀਸਨ, *ਇੰਟਰੋਡਕਸ਼ਨ ਟੂ ਦਿ ਓਲਡ ਟੈਸਟਾਮੈਂਟ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1969) ਦਾ ਸਫ਼ਾ 1033 ਵੇਖੋ। [2]ਸੋਫ਼ਰ ਨੂੰ ਸੌਂਪੀਆਂ ਜਾਣ ਵਾਲੀਆਂ ਆਇਤਾਂ ਦੇ ਬਾਰੇ ਵਿਚ ਕੋਈ ਰਾਇ ਨਹੀਂ ਹੈ। ਜੌਰਜ ਬੁਚਨਨ ਗਰੇਅ ਨੇ ਸੋਫ਼ਰ ਨੂੰ ਅੱਯੂਬ 27:7-10, 13-23 ਸੌਂਪਣ ਦੇ ਲਈ ਏ. ਐਸ. ਪੀਕ ਦੇ ਪ੍ਰਸਤਾਵ ਦੀ ਪਾਲਣਾ ਕੀਤੀ। (ਜੌਰਜ ਬੁਚਨਨ ਗਰੇਅ, *ਏ ਕ੍ਰਿਟੀਕਲ ਇੰਟਰੋਡਕਸ਼ਨ ਟੂ ਦਿ ਓਲਡ ਟੈਸਟਾਮੈਂਟ* [ਲੰਡਨ: ਡੱਕਵਰਥ, 1913], 122.) ਰੌਬਰਟ ਫੀਫਰ ਨੇ ਸੋਫ਼ਰ ਦੀ ਗੱਲਬਾਤ ਦਾ ਹੇਠਾਂ ਦਿੱਤੇ ਤਰੀਕੇ ਨਾਲ ਪੁਨਰ ਨਿਰਮਾਣ ਕੀਤਾ: ਅੱਯੂਬ 27:13; 24:21-24, 18-20; 27:14, 15. (ਰੌਬਰਟ ਫੀਫਰ, *ਇੰਟਰੋਡਕਸ਼ਨ ਟੂ ਦਿ ਓਲਡ ਟੈਸਟਾਮੈਂਟ*, ਦੂਜਾ ਸੰਪਾਦਨ [ਨਿਊ ਯਾਰਕ: ਹਾਰਪਰ ਐਂਡ ਬਰੱਦਰਜ਼ ਪਬਲਿਸ਼ਰਜ਼, 1941], 664.) ਇਹ ਸਵੀਕਾਰ ਕਰਦੇ ਹੋਏ ਕਿ ਲਿਖਤ ਦੀਆਂ ਸਾਰੀਆਂ ਪ੍ਰਸਤਾਵਿਤ ਬਹਾਲੀਆਂ ਜ਼ਰੂਰੀ ਤੌਰ ਤੇ ਅਸਥਾਈ ਅਤੇ ਅਨਿਸ਼ਚਿਤ ਹਨ, ਫਿਰ ਵੀ, ਰੌਬਰਟ ਗੋਰਡਿਸ ਨੇ ਸੋਫ਼ਰ ਨੂੰ ਅੱਯੂਬ 27:13-23 ਸੌਂਪ ਦਿੱਤੀਆਂ। (ਰੌਬਰਟ ਗੋਰਡਿਸ, *ਦ ਬੁਕ ਆਫ਼ ਗੌਡ ਐਂਡ ਮੈਨ: ਏ ਸਟੱਡੀ ਆਫ਼ ਅੱਯੂਬ* [ਸ਼ਿਕਾਗੋ: ਦ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1965], 277.) ਐਚ. ਐਚ. ਰਾਉਲੀ ਨੇ ਕਈ ਵਿਦਵਾਨਾਂ ਦੀ ਰਾਇ ਦਾ ਹਵਾਲਾ ਦੇਣ ਤੋਂ ਬਾਅਦ, ਅੱਯੂਬ 27:7-12; 24:18-24; 27:13-23 ਸੋਫ਼ਰ ਨੂੰ ਸੌਂਪ ਦਿੱਤੀਆਂ। (ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ [ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970], 221-22.) [3]ਟੀ. ਐਚ. ਰੌਬਿਨਸਨ ਨੇ ਅੱਯੂਬ 26:2-14 ਬਿਲਦਦ ਦੀ ਤੀਜੀ ਗੱਲਬਾਤ ਦੇ ਹਿੱਸੇ ਵਜੋਂ ਸੌਂਪ ਦਿੱਤੀ। (ਟੀ. ਐਚ. ਰੌਬਿਨਸਨ, *ਅੱਯੂਬ ਐਂਡ ਹਿਜ ਫਰੈਂਡਜ਼* [ਲੰਡਨ: ਐਸਸੀਐਮ ਪ੍ਰੈਸ ਲਿਮਿਟਡ, 1955], 76-77.) ਰੌਬਰਟ ਗੋਰਡਿਸ ਅਤੇ ਮਾਰਵਿਨ ਐਚ. ਪੋਪ ਨੇ ਅੱਯੂਬ 26:5-14 ਬਿਲਦਦ ਨੂੰ ਸੌਂਪ ਦਿੱਤੀਆਂ। (ਗੋਰਡਿਸ, 274; ਮਾਰਵਿਨ ਐਚ. ਪੋਪ, *ਅੱਯੂਬ*, ਦਿ ਐਂਕਰ ਬਾਈਬਲ, ਜਿਲਦ 15 [ਗਾਰਡਨ ਸਿਟੀ, ਨਿਊ ਯਾਰਕ: ਡੱਬਲਡੇਅ ਐਂਡ ਕੰਪਨੀ, ਇੰਕ., 1965], 163.) [4]ਹੈਰੀਸਨ, 1033; ਕਲਾਈਡ ਟੀ. ਫ੍ਰਾਂਸਿਸਕੋ, "ਏ ਟੀਚਿੰਗ ਆਊਟਲਾਈਨ ਆਫ਼ ਦ ਬੁਕ ਆਫ਼ *ਅੱਯੂਬ*," *ਰਿਵਿਊ ਐਂਡ ਇਕਸਪੋਜੀਟਰ* 68 (1971) ਦਾ ਸਫ਼ਾ 516 ਵੇਖੋ। [5]ਏ. ਐਸ. ਪੀਕ *ਅੱਯੂਬ*, ਦ ਸੈਂਚੁਰੀ ਬਾਈਬਲ (ਨਿਊ ਯਾਰਕ: ਥੋਮਸ ਨੈਲਸਨ ਐਂਡ ਸੰਨਜ਼, ਲਿਮਿਟਡ, 1904), 231. [6]ਸੋਲੋਮੋਨ ਬੀ. ਫਰੀਹੋਫ, *ਬੁਕ ਆਫ਼ ਅੱਯੂਬ*, ਦ ਜਿਊਇਸ਼ ਕਮੈਂਟਰੀ ਫਾਰ ਬਾਈਬਲ ਰੀਡਰਜ (ਨਿਊ ਯਾਰਕ: ਯੂਨੀਅਨ ਆਫ਼ ਅਮੈਰੀਕਨ ਹਿਬਰਿਊ ਕੌਂਗਰੀਗੇਸ਼ਨਜ, 1958), 163 (ਜ਼ੋਰ ਦਿੱਤਾ ਗਿਆ ਹੈ)। [7]ਰਾਉਲੀ, 221. [8]ਏ. ਬੀ. ਡੇਵਿਡਸਨ ਅਤੇ ਐਚ. ਸੀ. ਓ. ਲੈਨਚੈਸਟਰ, *ਦ ਬੁਕ ਆਫ਼ ਅੱਯੂਬ ਵਿਦ ਨੋਟਸ, ਇੰਟਰੋਡਕਸ਼ਨ ਅਤੇ ਅਪੈਨਡਿਕਸ*, ਕੈਮਬਰਿਜ ਬਾਈਬਲ ਫਾਰ ਸਕੂਲਜ ਐਂਡ ਕਾਲਜਸ (ਕੈਮਬਰਿਜ: ਯੂਨੀਵਰਸਿਟੀ ਪ੍ਰੈਸ, 1918), xliii ਹਵਾਲਾ ਦਿੱਤਾ ਗਿਆ ਹੈ। [9]ਗਲੀਸਨ ਐਲ. ਆਰਚਰ, ਜੂਨੀਅਰ, *ਏ ਸਰਵੇ ਆਫ਼ ਦਿ ਓਲਡ ਟੈਸਟਾਮੈਂਟ ਇੰਟਰੋਡਕਸ਼ਨ*, ਸੋਧ ਅਤੇ ਵਿਸਤਾਰ (ਸ਼ਿਕਾਗੋ: ਮੂਡੀ ਪਬਲਿਰਸ਼ਜ਼, 2007), 434.

ਅਲੀਹੂ ਦੀਆਂ ਗੱਲਾਂ ਦੀ ਇਤਿਹਾਸਕ ਆਲੋਚਨਾ[1]

ਉੱਨੀਵੀਂ ਸਦੀ ਵਿਚ ਪਵਿੱਤਰ ਬਾਈਬਲ ਦੀ ਆਲੋਚਨਾ ਦੇ ਸ਼ੁਰੂ ਹੋਣ ਤੱਕ ਅਲੀਹੂ ਦੀਆਂ ਗੱਲਾਂਬਾਤਾਂ ਨੂੰ ਆਮ ਤੌਰ ਤੇ ਇਕ ਪ੍ਰਮਾਣਿਕ ਅਤੇ ਅੱਯੂਬ ਦੀ ਪੁਸਤਕ ਦੇ ਅਭਿੰਨ ਅੰਗ ਵਜੋਂ ਸਵੀਕਾਰ ਕੀਤਾ ਗਿਆ ਸੀ।[2] ਇੰਜ ਜਾਪਦਾ ਹੈ ਕਿ ਜੇ. ਜੀ. ਈਚੋਹੋਰਨ ਅਤੇ ਐੱਮ. ਐੱਚ. ਸਟੂਹਲਮੈਨ 1803-1804 ਦੀ ਸ਼ੁਰੂਆਤ ਵਿਚ ਉਸ ਦੀ ਵਾਸਤਵਿਕਤਾ ਤੇ ਸਵਾਲ ਚੁੱਕਣ ਵਾਲੇ ਪਹਿਲੇ ਲੋਕਾਂ ਵਿੱਚੋਂ ਇਕ ਸਨ।[3] ਉੱਨੀਵੀਂ ਅਤੇ ਵੀਹਵੀਂ ਦੋਵਾਂ ਸਦੀਆਂ ਵਿਚ, ਬਹੁਤ ਸਾਰੇ ਵਿਦਵਾਨਾਂ ਨੇ ਉਨ੍ਹਾਂ ਦੀ ਅਗਵਾਈ ਦਾ ਅਨੁਸਰਣ ਕੀਤਾ।[4]

ਪਰ, ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਆਧੁਨਿਕ ਸਕਾਲਰਸ਼ਿਪ ਅਲੀਹੂ ਦੀ ਗੱਲਬਾਤ ਨੂੰ ਲਿਖਤ ਵਿਚ ਸੈਕੰਡਰੀ ਜੋੜ ਵਜੋਂ ਰੱਦ ਕਰਨ ਵਿਚ ਇਕਮਤ ਨਹੀਂ ਹੈ। ਕਾਰਲ ਬੁੱਡੇ ਨੇ ਉੱਨੀਵੀਂ ਸਦੀ ਵਿਚ ਆਪਣੀ ਪ੍ਰਮਾਣਿਕਤਾ ਦਾ ਜ਼ੋਰਦਾਰ ਬਚਾਅ ਕੀਤਾ।[5] ਕਈ ਆਧੁਨਿਕ ਵਿਦਵਾਨ ਵੀ ਅਲੀਹੂ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਤੇ ਬਹਿਸ ਕਰਦੇ ਹਨ।[6] ਕੁਝ ਲੋਕ ਉਨ੍ਹਾਂ ਨੂੰ ਬਾਅਦ ਵਿਚ ਲੇਖਕ ਦੁਆਰਾ ਖੁਦ ਜੋੜੇ ਜਾਣ ਦੇ ਰੂਪ ਵਿਚ ਵੇਖਦੇ ਹਨ।[7]

ਅਲੀਹੂ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਦੇ ਵਿਰੁੱਧ ਦਲੀਲ

ਅੱਯੂਬ ਦੀ ਪੁਸਤਕ ਵਿਚ ਅਲੀਹੂ ਦੀਆਂ ਗੱਲਾਂਬਾਤਾਂ ਨੂੰ ਬਾਅਦ ਵਿਚ ਜੋੜਿਆ ਗਿਆ ਮੰਨਣ ਦੇ ਲਈ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਗਈਆਂ ਹਨ। ਐਸ. ਆਰ. ਡਰਾਈਵਰ ਨੇ ਇਨ੍ਹਾਂ ਵਿੱਚੋਂ ਚਾਰ ਨੂੰ ਸੂਚੀਬੱਧ ਕੀਤਾ ਹੈ ਜੋ ਆਲੋਚਕਾਂ ਅਤੇ ਟਿੱਪਣੀਕਾਰਾਂ ਦੀ ਸਧਾਰਣ ਰਾਏ ਨੂੰ ਸੰਖੇਪ ਵਿਚ ਪੇਸ਼ ਕਰਦੇ ਹਨ ਜਿਨ੍ਹਾਂ ਦੇ ਨਾਲ ਉਹ ਸਹਿਮਤ ਸਨ: (1) ਅਲੀਹੂ ਦਾ ਜ਼ਿਕਰ ਪ੍ਰਸਤਾਵਨਾ ਜਾਂ ਉਪਸੰਹਾਰ ਵਿਚ ਨਹੀਂ ਹੈ। (2) ਅਲੀਹੂ ਦੀਆਂ ਗੱਲਾਂਬਾਤਾਂ ਬਹੁਤ ਹੀ ਹਲਕੇ ਤੌਰ ਤੇ ਕਵਿਤਾ ਦੇ ਨਾਲ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਨੂੰ ਬਿਨਾ ਕਿਸੇ ਵਾਸਤਵਿਕ ਨੁਕਸਾਨ ਦੇ ਕਹਾਣੀ ਵਿੱਚੋਂ ਹਟਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਪਰੇਸ਼ਾਨ ਕਰਨ ਵਾਲੇ ਇਕ ਤੱਤ ਵਜੋਂ ਮੰਨਿਆ ਜਾ ਸਕਦਾ ਹੈ ਜੋ ਉਸ ਦੇ ਪਰਿਣਾਮ ਵਿਚ ਰੁਕਾਵਟ ਪਾਉਂਦਾ ਹੈ। ਅਸਲ ਵਿਚ ਅਲੀਹੂ ਨੇ ਉਸ ਗੱਲ ਵਿਚ ਜੋ ਤਿੰਨਾਂ ਮਿੱਤਰਾਂ ਨੇ ਕਹੀ ਸੀ ਕੁਝ ਵੀ ਨਹੀਂ ਜੋੜਿਆ ਸੀ, ਖਾਸ ਤੌਰ ਤੇ ਅਲੀਫ਼ਜ ਨੇ। ਸਮੱਸਿਆਵਾਂ ਦੇ ਲਈ ਇਹ ਇਕ ਸਬੂਤ ਹੈ ਕਿ ਉਸ ਨੇ ਪਹਿਲਾਂ ਤੋਂ ਵਰਤੇ ਗਏ ਹੱਲ ਤੋਂ ਇਲਾਵਾ ਕੋਈ ਨਵਾਂ ਹੱਲ ਨਹੀਂ ਪੇਸ਼ ਕੀਤਾ ਹੈ। ਇਨ੍ਹਾਂ ਗੱਲਾਂਬਾਤਾਂ ਅਤੇ ਬਾਕੀ ਕਵਿਤਾ ਦੇ ਵਿਚਕਾਰ ਕਾਫ਼ੀ ਸ਼ੈਲੀਗਤ ਅੰਤਰ ਸਪੱਸ਼ਟ ਹਨ।[8]

ਡਰਾਈਵਰ ਨੇ ਇਹ ਸਿੱਟਾ ਕੱਢਿਆ ਕਿ ਅਲੀਹੂ ਦੀਆਂ ਗੱਲਾਂਬਾਤਾਂ "ਕਵਿਤਾ ਦੇ ਇਲਾਵਾ ਹਨ, ਜੋ ਕੁਝ ਹੱਦ ਤੱਕ ਬਾਅਦ ਦੇ ਲੇਖਕ ਦੇ ਦੁਆਰਾ ਜੋੜੀਆਂ ਗਈਆਂ ਹਨ, ਕੁਝ ਬਿੰਦੂਆਂ ਨੂੰ ਪੂਰਾ ਕਰਨ ਦੇ ਉਦੇਸ਼ ਦੇ ਨਾਲ ਜਿਸ ਵਿਚ ਇਹ ਦੋਸ਼ ਪੂਰਣ ਦਿਖਾਈ ਦਿੰਦਾ ਹੈ।"[9]

ਅਲੀਹੂ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਦੇ ਵਿਰੁੱਧ ਦਲੀਲਾਂ ਦਾ ਇਕ ਵਿਸ਼ਲੇਸ਼ਣ

ਅਲੀਹੂ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਦੇ ਵਿਰੁੱਧ ਵੱਖ-ਵੱਖ ਦਲੀਲਾਂ ਦੇ ਬੋਝ ਦੇ ਰੂਪ ਵਿਚ ਵਿਦਵਾਨਾਂ ਦੀ ਕੋਈ ਸਹਿਮਤੀ ਮੌਜੂਦ ਨਹੀਂ ਹੈ। ਇਸ ਤੱਥ ਵਿਚ ਸਾਨੂੰ ਸਮੱਸਿਆ ਦੇ ਨਾਲ ਨਿਪਟਣ ਦੇ ਲਈ ਸੁਚੇਤ ਰਹਿਣਾ ਚਾਹੀਦਾ ਹੈ। ਫ੍ਰਾਂਸਿਸ ਆਈ. ਐਂਡਰਸਨ ਨੇ ਟਿੱਪਣੀ ਕੀਤੀ, "ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਦਲੀਲਾਂ ਦੇ ਮੁਲਾਂਕਣ ਵਿਚ ਵਿਦਵਾਨ ਕਿੰਨੇ ਵੰਡੇ ਹੋਏ ਹਨ।"[10]

"ਅਲੀਹੂ ਦਾ ਜ਼ਿਕਰ ਨਾ ਤਾਂ ਪ੍ਰਸਤਾਵਨਾ ਅਤੇ ਨਾ ਹੀ ਉਪਸੰਹਾਰ ਵਿਚ ਕੀਤਾ ਗਿਆ ਹੈ।" ਅਲੀਹੂ ਦਾ ਨਾਮ ਉਨ੍ਹਾਂ ਅਧਿਆਵਾਂ ਤੋਂ ਬਾਹਰ ਨਹੀਂ ਹੈ ਜਿਨ੍ਹਾਂ ਵਿਚ ਉਸ ਦੀ ਗੱਲਬਾਤ ਹੈ। ਨੋਰਮਨ ਐੱਚ. ਸਨੇਥ ਨੇ ਇਸ ਦਲੀਲ ਦੇ ਮਹੱਤਵ ਨੂੰ ਸਵੀਕਾਰ ਕਰਦੇ ਹੋਏ ਇਹ ਸੁਝਾਅ ਦਿੱਤਾ ਕਿ ਅਲੀਹੂ ਦੀਆਂ ਗੱਲਾਂਬਾਤਾਂ ਨੂੰ ਲੇਖਕ ਨੇ ਖੁਦ ਉਪਸੰਹਾਰ ਤੋਂ ਬਾਅਦ ਦੇ ਸਮੇਂ ਵਿਚ ਜੋੜਿਆ ਸੀ।[11]

ਇਸ ਗੱਲ ਨੂੰ ਹੈਰਾਨੀ ਵਾਲੀ ਨਹੀਂ ਮੰਨਿਆ ਜਾਣਾ ਚਾਹੀਦਾ ਕਿ ਪ੍ਰਸਤਾਵਨਾ ਵਿਚ ਅਲੀਹੂ ਦਾ ਜ਼ਿਕਰ ਨਹੀਂ ਹੈ। ਸੰਦਰਭ ਉਸ ਨੂੰ ਕਾਰਵਾਈ ਦੇ ਲਈ ਇਕ ਦਰਸ਼ਕ ਦੇ ਰੂਪ ਵਿਚ ਪੇਸ਼ ਕਰਦਾ ਹੈ-ਇਕ ਦਿਲਚਸਪੀ ਰੱਖਣ ਵਾਲਾ ਦਰਸ਼ਕ ਜੋ ਹੁਣ ਆਪਣੇ ਆਪ ਨੂੰ ਸ਼ਾਮਲ ਨਹੀਂ ਕਰ ਸਕਦਾ ਸੀ ਪਰ ਉਸ ਨੂੰ ਬੋਲਣਾ ਪੈਂਦਾ ਸੀ (32:1-22)। ਸ਼ਾਇਦ ਇਸ ਤੱਥ ਨੂੰ ਵਧੇਰੇ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ ਕਿ ਉਪਸੰਹਾਰ ਵਿਚ "ਜੋ ਸਹੀ ਹੈ ਉਹ ਨਾ ਬੋਲਣ ਦੇ ਕਾਰਣ" ਤਿੰਨਾਂ ਮਿੱਤਰਾਂ ਦੇ ਨਾਲ ਉਸ ਦੀ ਨਿੰਦਾ ਨਹੀਂ ਕੀਤੀ ਗਈ ਸੀ (42:7)। ਸੈਮੂਏਲ ਕੋਕਸ ਨੇ ਇਕ ਦਿਲਚਸਪ ਸੁਝਾਅ ਦਿੱਤਾ ਕਿਉਂਕਿ ਅਲੀਹੂ ਸਿਰਫ ਉਨ੍ਹਾਂ ਅਧਿਆਵਾਂ ਵਿਚ ਆਉਂਦਾ ਹੈ ਜਿਨ੍ਹਾਂ ਵਿਚ ਉਸ ਦੀ ਗੱਲਬਾਤ ਹੈ। ਉਸ ਨੇ ਕਿਹਾ ਕਿ ਅਲੀਹੂ ਬਹਿਸ ਦੇ ਸਮੇਂ ਮਨੁੱਖੀ ਫ਼ੈਸਲੇ ਦਿੰਦਾ ਹੈ। ਅਲੀਹੂ ਸਰੋਤਿਆਂ ਨੂੰ, ਦਿਲਚਸਪੀ ਰੱਖਣ ਵਾਲੇ ਲੋਕਾਂ ਦੇ ਇਕ ਚੱਕਰ ਦੇ ਰੂਪ ਵਿਚ ਦਰਸਾਉਂਦਾ ਹੈ ਜਿਨ੍ਹਾਂ ਦੀ ਚਰਚਾ ਕੀਤੇ ਜਾ ਰਹੇ ਵਿਸ਼ੇ ਵਿਚ ਇਕ ਖਾਸ ਦਿਲਚਸਪੀ ਹੈ। ਇਸ ਲਈ, ਅਲੀਹੂ ਦੇ ਪ੍ਰਵਚਨ ਸੁਭਾਵਕ ਤੌਰ ਤੇ ਇਕ ਰੱਬੀ ਫ਼ੈਸਲੇ ਦੁਆਰਾ ਆਉਂਦੇ ਹਨ।[12]

"ਗੱਲਾਂਬਾਤਾਂ *ਸਿਰਫ ਕਵਿਤਾ ਨਾਲ ਜੁੜੀਆਂ ਹੋਈਆਂ ਹਨ ਅਤੇ ਅਸਲ ਵਿਚ ਇਕ ਪਰੇਸ਼ਾਨ ਕਰਨ ਵਾਲਾ ਤੱਤ ਹਨ।"* ਜਿਹੜੇ ਲੋਕ ਇਹ ਦ੍ਰਿਸ਼ਟੀਕੋਣ ਅਪਨਾਉਂਦੇ ਹਨ ਉਨ੍ਹਾਂ ਦੀ ਇਹ ਦਲੀਲ ਹੈ ਕਿ ਅੱਯੂਬ ਦੀ ਚੁਣੌਤੀ ਤੋਂ ਤੁਰੰਤ ਬਾਅਦ ਯਹੋਵਾਹ ਦੀ ਗੱਲਬਾਤ ਹੈ (31:40)। ਸਨੇਥ ਨੇ ਸੁਝਾਅ ਦਿੱਤਾ ਕਿ ਅਲੀਹੂ ਦੀਆਂ ਗੱਲਾਂਬਾਤਾਂ ਨੂੰ ਉਸ ਸਮੇਂ ਦੀ ਰੂੜ੍ਹੀਵਾਦਿਤਾ ਦੇ ਉੱਤੇ ਹਮਲੇ ਦੇ ਰੂਪ ਵਿਚ ਲਿਖਿਆ ਗਿਆ ਹੈ ਅਤੇ ਇਹ ਵਿਸ਼ੇਸ਼ਤਾ ਸੱਚਮੁੱਚ ਕਵਿਤਾ ਵਿਚ ਇਕ ਨਵਾਂ ਤੱਤ ਹੈ, ਕਿਉਂਕਿ ਅੱਯੂਬ ਅਤੇ ਉਸ ਦੇ ਮਿੱਤਰ ਦੋਵੇਂ ਰੂੜ੍ਹੀਵਾਦੀ ਵਿਚਾਰਾਂ ਨੂੰ ਦਰਸਾਉਂਦੇ ਹਨ।[13] ਇਹ ਵੀ ਸੁਝਾਅ ਦਿੱਤਾ ਜਾਂਦਾ ਹੈ ਕਿ ਅਲੀਹੂ ਦੀ ਗੱਲਬਾਤ ਦਾ ਉਦੇਸ਼ ਜਾਂ ਤਾਂ ਪਰਮੇਸ਼ੁਰ ਦੇ ਵਿਰੁੱਧ ਅੱਯੂਬ ਦੇ ਦੋਸ਼ਾਂ ਨੂੰ ਨਰਮ ਕਰਨਾ ਸੀ ਜਾਂ ਪਰਮੇਸ਼ੁਰ ਦੇ ਨਾਲ ਮੁਕਾਬਲਾ ਕਰਨ ਦੇ ਲਈ ਰਾਹ ਤਿਆਰ ਕਰਨਾ ਸੀ।[14]

"ਜੋ ਕੁਝ ਪਹਿਲਾਂ ਕਿਹਾ ਜਾ ਚੁੱਕਾ ਹੈ ਗੱਲਬਾਤ ਉਸ ਦੇ ਵਿਚ ਹੋਰ ਕੁਝ ਵੀ ਨਹੀਂ ਜੋੜਦੀ।" ਇਹ ਦਲੀਲ ਆਪਣੇ ਆਪ ਨੂੰ ਹਰਾਉਣ ਵਾਲੀ ਜਾਪਦੀ ਹੈ। ਜੇਕਰ ਗੱਲਾਂਬਾਤਾਂ ਵਿਚ ਕੁਝ ਵੀ ਨਹੀਂ ਜੋੜਿਆ ਜਾਂਦਾ ਤਾਂ ਉਨ੍ਹਾਂ ਨੂੰ ਸ਼ਾਮਲ ਕਿਉਂ ਕੀਤਾ ਗਿਆ ਸੀ? ਉਨ੍ਹਾਂ ਨੂੰ ਉਨ੍ਹਾਂ ਲੋਕਾਂ ਦੇ ਰਾਹੀਂ ਕਿਉਂ ਸਵੀਕਾਰ ਕੀਤਾ ਗਿਆ ਸੀ ਜਿਨ੍ਹਾਂ ਦੇ ਕੋਲ ਉਸ ਸਮੇਂ ਦਸਤਾਵੇਜ਼

ਸਨ ਜਦੋਂ ਉਨ੍ਹਾਂ ਵਿਚ ਜੋੜਿਆ ਨਹੀਂ ਗਿਆ ਸੀ?[15] ਸਨੇਥ ਨੇ ਦੱਸਿਆ ਕਿ ਅਲੀਹੂ ਦੀ ਗੱਲਬਾਤ ਵਿਚ ਇਕ ਨਵੀਂ ਵਿਸ਼ੇਸ਼ਤਾ ਇਕ ਨੌਜਵਾਨ ਦੇ ਦੁਆਰਾ ਪੁਰਾਣੇ ਕੱਟੜਪੰਥੀ ਦੀ ਆਲੋਚਨਾ ਹੈ।[16]

"ਅਲੀਹੂ ਦੀ ਗੱਲਬਾਤ ਅਤੇ ਬਾਕੀ ਕਵਿਤਾ ਵਿਚ ਸ਼ੈਲੀਗਤ ਅਤੇ ਭਾਸ਼ਾਈ ਅੰਤਰ ਹਨ।" ਜਿਹੜੇ ਲੋਕ ਸ਼ੈਲੀਵਾਦੀ ਅਤੇ ਭਾਸ਼ਾਈ ਮੱਤਭੇਦਾਂ ਦੇ ਅਧਾਰ ਤੇ ਅਲੀਹੂ ਦੀ ਗੱਲਬਾਤ ਨੂੰ ਮਿਟਾਉਣ ਲਈ ਬਹਿਸ ਕਰਦੇ ਹਨ ਉਨ੍ਹਾਂ ਨੂੰ ਦੋ ਉੱਘੇ ਵਿਦਵਾਨਾਂ ਦੁਆਰਾ ਦਿੱਤੀ ਚਿਤਾਵਨੀ ਵੱਲ ਧਿਆਨ ਦੇਣਾ ਚਾਹੀਦਾ ਹੈ। ਰੌਬਰਟ ਗੋਰਡਿਸ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ "ਸ਼ੈਲੀ ਦੀ ਕੁਆਲਟੀ ਦੇ ਵਿਸ਼ੇ ਵਿਚ ਫ਼ੈਸਲੇ ਬਹੁਤ ਹੀ ਵਿਅਕਤੀਗਤ ਹੁੰਦੇ ਹਨ,"[17] ਅਤੇ ਏਡੋਰਡ ਧੋਰਮੇ ਨੇ ਵੇਖਿਆ ਕਿ "ਸ਼ੈਲੀ ਦੀ ਦਲੀਲ ਨੂੰ ਬਹੁਤ ਹੀ ਸਾਵਧਾਨੀ ਦੇ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ।"[18]

ਸਨੇਥ ਨੇ ਇਨ੍ਹਾਂ ਗੱਲਾਂਬਾਤਾਂ ਅਤੇ ਅੱਯੂਬ ਦੀ ਬਾਕੀ ਪੁਸਤਕ ਦੇ ਵਿਚ ਸ਼ੈਲੀਗਤ ਅੰਤਰਾਂ ਦਾ ਸਾਵਧਾਨੀ ਨਾਲ ਵਿਸ਼ਲੇਸ਼ਣ ਕੀਤਾ ਸੀ। ਉਸ ਨੇ ਆਪਣੀ ਖੋਜ ਨੂੰ ਸ਼ੈਲੀ ਦੇ ਪੰਜ ਪਹਿਲੂਆਂ ਵਿਚ ਵੰਡਿਆ: (1) ਪੂਰਵਸਰਗਾਂ ਦੀ ਵਰਤੋਂ, (2) ਰੱਬੀ ਨਾਵਾਂ ਦੀ ਵਰਤੋਂ, (3) ਉੱਤਮ ਪੁਰਖ ਦੇ ਇਕ ਵਚਨ ਦੀ ਵਰਤੋਂ, (4) ਅਖੌਤੀ ਅਰਾਮਵਾਦ ਅਤੇ (5) ਦੁਰਲੱਭ ਸ਼ਬਦਾਂ ਦੀ ਵਰਤੋਂ। ਉਸ ਨੇ ਇਬਰਾਨੀ ਕਵਿਤਾ ਦੀਆਂ ਵਿਸ਼ੇਸ਼ਤਾਵਾਂ ਵੱਲ ਇਸ਼ਾਰਾ ਕੀਤਾ ਜਿਸ ਦੇ ਪਹਿਲੇ ਅਤੇ ਦੂਸਰੇ ਅੱਧ ਵਿਚ ਦੋਹਾਂ ਵਿਚ ਤਬਦੀਲੀ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਇਸ ਲਿਖਤ ਵਿਚ ਬਹੁਤ ਸਾਰੀਆਂ ਸ਼ੈਲੀ ਦੀਆਂ ਭਿੰਨਤਾਵਾਂ ਹਨ।[19]

ਕਾਰਕ ਦੇ ਪੁਰਾਰਤੱਵ ਰੂਪਾਂ ਦੀ ਵਰਤੋਂ ਕਰਨ ਦੀ ਪ੍ਰਵਿਰਤੀ ਸਿਰਫ ਅਲੀਹੂ ਦੀਆਂ ਗੱਲਾਂਬਾਤਾਂ ਵਿਚ ਹੀ ਨਹੀਂ, ਸਗੋਂ ਪੂਰੀ ਪੁਸਤਕ ਵਿਚ ਹਨ। ਇਸ ਨੂੰ ਪੁਸਤਕ ਦੀ ਇਕ ਵੱਖਰੀ ਵਿਸ਼ੇਸ਼ਤਾ ਮੰਨਿਆ ਜਾ ਸਕਦਾ ਹੈ।[20] ਸਨੇਥ ਨੇ ਇਹ ਕਹਿ ਕੇ ਆਪਣੇ ਅਧਿਐਨ ਦੀ ਸਮਾਪਤੀ ਕੀਤੀ, "ਇਸ ਤਰ੍ਹਾਂ ਅਤੇ ਅਲੀਹੂ ਦੀ ਗੱਲਬਾਤ ਅਤੇ ਪੁਸਤਕ ਦੇ ਬਾਕੀ ਕਵਿਤਾ ਭਾਗ ਵਿਚ ਸ਼ੈਲੀ ਦੀਆਂ ਅਜਿਹੀਆਂ ਸਮਾਨਤਾਵਾਂ ਨੂੰ ਵੇਖਦੇ ਹਾਂ ਜੋ ਸਾਨੂੰ ਇਸ ਨਤੀਜੇ ਤੇ ਪਹੁੰਚਾਉਂਦੇ ਹਨ ਕਿ ਸਾਰੇ ਭਾਗ ਇੱਕੋ ਹੀ ਲੇਖਕ ਦੇ ਕਾਰਨ ਹਨ।"[21] ਉੱਘੇ ਇਬਰਾਨੀ ਭਾਸ਼ਾ ਵਿਗਿਆਨੀਆਂ ਨੇ ਅਲੀਹੂ ਦੀ ਗੱਲਬਾਤ ਨੂੰ ਸ਼ੈਲੀ ਦੇ ਵਿਚਾਰਾਂ ਦੇ ਅਧਾਰ ਤੇ ਬਾਕੀ ਕਾਵਿਕ ਸਮੱਗਰੀ ਦੇ ਲੇਖਕ ਦੇ ਅਸਲ ਉਤਪਾਦਾਂ ਵਜੋਂ ਸਵੀਕ੍ਰਿਤੀ ਦਿੱਤੀ ਹੈ।[22]

ਅਲੀਹੂ ਦੀ ਗੱਲਬਾਤ ਦੀ ਪ੍ਰਮਾਣਿਕਤਾ ਦੇ ਵਿਰੁੱਧ ਭਾਸ਼ਾਈ ਦਲੀਲ ਮੁੱਖ ਤੌਰ ਤੇ ਅਰਾਮੀ ਪ੍ਰਭਾਵ ਅਤੇ ਕੁਝ ਇਬਰਾਨੀ ਸ਼ਬਦਾਂ ਤੇ ਅਧਾਰਤ ਹੈ, ਜਿਸ ਨੂੰ ਬਾਅਦ ਵਿਚ ਹੋਂਦ ਵਿਚ ਆਏ ਹੋਏ ਸਮਝਿਆ ਜਾਂਦਾ ਹੈ। ਸਨੇਥ ਨੇ ਅੱਯੂਬ ਦੀ ਪੁਸਤਕ ਵਿਚ ਅਖੌਤੀ ਅਰਾਮਵਾਦ ਤੇ ਅਧਿਐਨ ਕੀਤਾ। ਜਿਨ੍ਹਾਂ ਬਤਾਲੀ ਜੜ੍ਹਾਂ ਦੀ ਸੂਚੀ ਦਿੱਤੀ ਗਈ ਹੈ, ਸਨੇਥ ਨੇ ਉਨ੍ਹਾਂ ਵਿੱਚੋਂ ਪੰਝੀਆਂ ਨੂੰ ਪੂਰੀ ਤਰ੍ਹਾਂ ਸਟੀਕ ਇਬਰਾਨੀ ਜੜ੍ਹਾਂ, ਪੰਜਾਂ ਨੂੰ ਯਹੂਦੀ ਜੜ੍ਹਾਂ, ਅਤੇ ਅੱਠਾਂ ਨੂੰ ਅਣਜਾਣ ਸ੍ਰੋਤ ਤੋਂ ਆਈਆਂ ਹੋਈਆਂ ਪਾਇਆ ਹੈ। ਇਸ ਨੇ ਸਿਰਫ ਚਾਰ ਨੂੰ ਨਿਸ਼ਚਤ ਤੌਰ 'ਤੇ ਅਰਾਮੀ ਹੋਣ ਦੇ ਲਈ ਛੱਡ ਦਿੱਤਾ ਅਤੇ ਇਹ ਚਾਰ ਸ਼ਬਦ ਲੇਖਕ ਦੇ ਸੰਬੰਧ ਵਿਚ ਕੋਈ ਨਿਰਣਾਇਕ ਸੰਕੇਤ ਨਹੀਂ ਦੇ ਸਕਦੇ।[23] ਉਸ ਨੇ ਸਿੱਟਾ ਕੱਢਿਆ,

> ਸਾਨੂੰ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਅੱਯੂਬ ਦੀ ਪੁਸਤਕ ਵਿਚ ਅਖੌਤੀ ਅਰਾਮਵਾਦ ਪੁਸਤਕ ਦੇ ਵੱਖ-ਵੱਖ ਭਾਗਾਂ ਦੇ ਲੇਖਕਾਂ ਵਿਚ ਕੋਈ ਮਤਭੇਦ ਦਰਸਾਉਂਦਾ ਹੈ। ਸਾਨੂੰ ਲਗਭਗ ਕੋਈ ਵੀ ਅਰਾਮਵਾਦ ਨਹੀਂ ਮਿਲਦਾ ਹੈ। ਜੋ ਅਰਾਮਵਾਦ ਹੋ ਸਕਦੇ ਹਨ ਉਹ ਤਾਰੀਖ ਦਾ ਕੋਈ ਸੰਕੇਤ ਨਹੀਂ ਦਿੰਦੇ ਹਨ, ਕਿਉਂਕਿ ਕਦੀ ਕਦੀ ਸਪੱਸ਼ਟ ਅਰਾਮਵਾਦ

ਇਬਰਾਨੀ ਭਾਸ਼ਾ ਵਿਚ ਲਗਭਗ ਸਾਰੇ ਸਤਰਾਂ ਤੇ ਹੁੰਦੇ ਹਨ। ਪ੍ਰਸ਼ਨ ਵਿਚ ਬਤਾਲੀ ਜੜ੍ਹਾਂ ਦਾ ਅਧਿਐਨ ਕੀ ਦਰਸਾਉਂਦਾ ਹੈ, ਜਿਵੇਂ ਕਿ ਅਸੀਂ ਉਮੀਦ ਕਰਦੇ ਹਾਂ, ਕਿ ਅੱਯੂਬ ਦੀ ਪੁਸਤਕ ਦੇ ਲੇਖਕ ਦੇ ਕੋਲ ਇਕ ਵਿਸ਼ਾਲ ਸ਼ਬਦਾਵਲੀ ਹੈ।[24]

ਪੁਰਾਣੇ ਨੇਮ ਦੀ ਜਿਸ ਪ੍ਰਕਾਰ ਦੀ ਉੱਚ ਆਲੋਚਨਾ ਵੀਹਵੀਂ ਸਦੀ ਵਿਚ ਬਹੁਤ ਹੀ ਪ੍ਰਚਲਿਤ ਸੀ ਉਸ ਨੂੰ ਅਫਲ ਮੰਨਿਆ ਗਿਆ ਹੈ। ਉਪਲਬਧ ਸਬੂਤਾਂ ਦੇ ਅਧਾਰ ਤੇ ਵਿਦਵਾਨਾਂ ਦੇ ਹਲਕਿਆਂ ਵਿਚ ਕੋਈ ਆਮ ਸਹਿਮਤੀ ਨਹੀਂ ਹੋ ਸਕੀ ਹੈ, ਜੋ ਕਿ ਲੇਖਕ ਦੇ ਵਿਰੁੱਧ ਅਲੀਹੂ ਦੇ ਭਾਸ਼ਣਾਂ ਨੂੰ ਅੱਯੂਬ ਦੀ ਪੁਸਤਕ ਦੇ ਇਕ ਮਹੱਤਵਪੂਰਣ ਹਿੱਸੇ ਵਜੋਂ ਲਿਖਣ ਤੋਂ ਰੋਕਦਾ ਹੈ। ਮੈਂ ਅਲੀਹੂ ਦੇ ਭਾਸ਼ਣਾਂ ਨੂੰ ਕਵਿਤਾ ਦੇ ਅਭਿੰਨ ਅੰਗ ਦੇ ਰੂਪ ਵਿਚ ਸਵੀਕਾਰ ਕਰਦਾ ਹਾਂ। ਚਰਚਾ ਵਿਚ ਉਸ ਦੇ ਬਾਰੇ ਕਮੈਂਟਰੀ ਵਿਚ ਟਿੱਪਣੀ ਕੀਤੀ ਗਈ ਹੈ।

ਟਿੱਪਣੀਆਂ

[1]ਅੱਯੂਬ ਦੇ ਅਟੁੱਟ ਅੰਗ ਦੇ ਰੂਪ ਵਿਚ ਅਲੀਹੂ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਦੀ ਇਹ ਚਰਚਾ ਕਾਫੀ ਹੱਦ ਤੱਕ ਰੋਬਰਟ ਡੋਨਲਡ ਸ਼ੈਕਲਫੋਰਡ, *ਦ ਕੌਨਸੈਪਟ ਆਫ਼ ਨਾਲਜ ਇਨ ਦ ਬੁਕ ਆਫ਼ ਅੱਯੂਬ* (ਡਾਕਟਰ ਆਫ਼ ਥੀਓਲੋਜੀ ਨਿਬੰਧ: ਨਿਊ ਓਰਲੀਅਨਜ ਬੈਪਟਿਸਟ ਥੀਓਲੀਜੀਕਲ ਸੈਮੀਨਰੀ, 1976) ਵਿੱਚੋਂ ਸਫ਼ੇ 77-88 ਤੋਂ ਲਈ ਗਈ ਹੈ। [2]ਇਕ ਮਹੱਤਵਪੂਰਣ ਅਪਵਾਦ ਗ੍ਰੈਗਰੀ ਮਹਾਨ ਸੀ (ਜਿਸ ਦੀ ਮੌਤ 604 ਈਸਵੀ ਵਿਚ ਹੋਈ)। (ਰੌਬਰਟ ਗੋਰਡਿਸ, *ਦ ਬੁਕ ਆਫ਼ ਗੌਡ ਐਂਡ ਮੈਨ: ਏ ਸਟੱਡੀ ਆਫ਼ ਅੱਯੂਬ* [ਸ਼ਿਕਾਗੋ: ਦਿ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1965], 106.) [3]ਨੇਰਮੈਨ ਐਚ. ਸਨੇਥ, *ਦ ਬੁਕ ਆਫ਼ ਅੱਯੂਬ: ਇਟਸ ਓਰੀਜਿਨ ਐਂਡ ਪਰਪਜ*, ਸਰੱਡੀਜ ਇਨ ਥੀਓਲੀਜੀ, ਦੂਜੀ ਲੜੀ, ਨੰ. 11 (ਨੇਪਰਵਿਲੇ, ਇਲੀਨੋਇਸ: ਅਲੈਕ ਆਰ. ਐਲਨਸਨ, 1968), 72, ਅਤੇ ਆਰ. ਕੇ. ਹੈਰੀਸਨ, *ਇੰਟਰੋਡਕਸ਼ਨ ਟੂ ਦਿ ਓਲਡ ਟੈਸਟਾਮੈਂਟ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1969), 1034. [4]ਹੈਰੀਸਨ, 1034-35; ਸਨੇਥ, 72 ਅਤੇ ਐਚ. ਐਚ. ਰਾਉਲੀ, *ਫਰਾਮ ਮੋਜਜ ਟੂ ਕੁਮਰਾਨ: ਸਟੱਡੀਜ ਇਨ ਦਿ ਓਲਡ ਟੈਸਟਾਮੈਂਟ* (ਲੰਡਨ: ਲੁੱਟਰਵਰਥ ਪ੍ਰੈਸ, 1963), 147-50. [5]ਐਡਵਰਡ ਧੋਰਮੇ ਨੇ ਕਾਰਲ ਬੁੱਡੇ ਦੀਆਂ ਦਲੀਲਾਂ ਦਾ ਇਕ ਮਦਦਗਾਰ ਵਿਸ਼ਲੇਸ਼ਣ ਪੇਸ਼ ਕੀਤਾ। ਐਡੋਰਡ ਧੋਰਮੇ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਅਨੁਵਾਦ ਹਾਰੋਲਡ ਨਾਈਟ (ਲੰਡਨ: ਥੋਮਸ ਨੈਲਸਨ ਐਂਡ ਸੰਨਜ਼, 1967), cvii-cix. [6]ਗਲੀਸਨ ਐਲ. ਆਰਚਰ, ਜੂਨੀਅਰ, *ਏ ਸਰਵੇ ਆਫ਼ ਓਲਡ ਟੈਸਟਾਮੈਂਟ ਇੰਟਰੋਡਕਸ਼ਨ*, ਸੋਧ ਅਤੇ ਸੰਪਾਦਨ (ਸ਼ਿਕਾਗੋ: ਮੂਡੀ ਪ੍ਰੈਸ, 2007), 435; ਕਲਾਈਡ ਟੀ. ਫ੍ਰਾਂਸਿਸਕੋ, *ਇੰਟਰੋਡਿਊਸਿੰਗ ਦਿ ਓਲਡ ਟੈਸਟਾਮੈਂਟ* (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1950), 197; ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 49-52; ਰਾਉਲੀ, 149, ਨੰ. 1; ਨੋਰਮਨ ਐਲ. ਗੀਜਲਰ, *ਏ ਪੌਪੁਲਰ ਸਰਵੇ ਆਫ਼ ਦਿ ਓਲਡ ਟੈਸਟਾਮੈਂਟ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 2003), 189-90; ਅਤੇ ਪੀਟਰ ਸੀ. ਕਰੇਗੀ, *ਦਿ ਓਲਡ ਟੈਸਟਾਮੈਂਟ: ਇਟਸ ਬੈਕਗਰਾਊਂਡ, ਗਰੋਥ ਐਂਡ ਕੰਟੈਂਟ* (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1986), 226-27. [7]ਰੌਬਰਟ ਗੋਰਡਿਸ, *ਪੋਇਟਸ, ਪਰੌਫਟਸ ਐਂਡ ਸੇਂਗਸ: ਐਸੇਜ ਇਨ ਬਿਬਲੀਕਲ ਇੰਟਰਪ੍ਰੀਟੇਸ਼ਨ* (ਬਲੂਮਿੰਗਡਨ, ਇੰਡੀਆਨਾ: ਯੂਨੀਵਰਸਿਟੀ ਪ੍ਰੈਸ, 1971), 292; ਅਤੇ ਸਨੇਥ, 73. [8]ਐਸ. ਆਰ. ਡਰਾਈਵਰ, *ਐਨ ਇੰਟਰੋਡਕਸ਼ਨ ਟੂ ਦ ਲਿਟਰੇਚਰ ਆਫ਼ ਦਿ ਓਲਡ ਟੈਸਟਾਮੈਂਟ* (ਕਲੀਵਲੈਂਡ, ਓਹਾਈਓ: ਵਰਡ ਪਬਲਿਸ਼ਿੰਗ ਕੰਪਨੀ, 1956), 428-29. [9]ਉਸੇ ਸਥਾਨ ਤੇ, 429. [10]ਐਂਡਰਸਨ, 50.

[11]ਸਨੇਥ, 74. ਹੋਰ ਵਿਦਵਾਨਾਂ ਨੇ ਵੀ ਇਹ ਵਿਚਾਰ ਲਿਆ ਹੈ, ਜਿਸ ਵਿਚ ਸ਼ਾਮਲ ਹਨ: ਗੋਰਡਿਸ, *ਦ ਬੁਕ ਆਫ਼ ਗੌਡ ਐਂਡ ਮੈਨ* ਦਾ ਸਫ਼ਾ 110 ਅਤੇ ਜੋਹਾਨਸ ਪੈਡਰਸਨ, *ਇਜ਼ਰਾਈਲ: ਇਟਸ ਲਾਈਫ਼ ਐਂਡ ਕਲਚਰ I-II*, ਅਨੁਵਾਦ ਐਸਲੌਗ ਮਿਲਰ (ਲੰਡਨ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, 1926) ਦਾ ਸਫ਼ਾ 531. [12]ਸੈਮੂਏਲ ਕੋਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 413. [13]ਸਨੇਥ, 74. [14]ਟੀ. ਮਾਈਲਸ ਨੈਨੇਟ, *ਵੈੱਨ ਹਿਊਮੈਨ ਵਿਜਡਮ ਫੇਲਜ: ਐਨ ਇਕਸਪੋਜੀਸ਼ਨ ਆਫ਼ ਦ ਬੁਕ ਆਫ਼ ਅੱਯੂਬ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1971), 78. [15]ਗੋਰਡਿਸ, *ਪੋਇਟਸ, ਪਰੌਫਟਸ ਐਂਡ ਸੇਜਸ*, 293. [16]ਸਨੇਥ, 85. [17]ਗੋਰਡਿਸ, *ਪੋਇਟਸ, ਪਰੌਫਟਸ ਐਂਡ ਸੇਜਸ*, 108. [18]ਧੋਰਮੇ, ciii. [19]ਸਨੇਥ, 76, 78.

[20]ਉਸੇ ਸਥਾਨ ਤੇ, 76.

[21]ਉਸੇ ਸਥਾਨ ਤੇ, 85. [22]ਡੇਵਿਡ ਨੋਏਲ ਫ੍ਰੀਡਮੈਨ ਨੇ ਲੇਖਕ ਦੀ ਏਕਤਾ ਲਈ ਦਲੀਲ ਦਿੱਤੀ। ਪਰ, ਉਸ ਨੇ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਲੇਖਕ ਨੇ ਚਾਰ ਗੱਲਾਂਬਾਤਾਂ ਦੀ ਰਚਨਾ ਅੱਯੂਬ ਦੀ ਪੁਸਤਕ ਨੂੰ ਮੁੜ ਸੰਗਠਿਤ ਕਰਨ ਦੀ ਇਕ ਆਮ ਯੋਜਨਾ ਦੇ ਰੂਪ ਵਿਚ ਕੀਤੀ ਅਤੇ ਉਨ੍ਹਾਂ ਵਿੱਚੋਂ ਹਰ ਇਕ ਨੂੰ ਵਾਰਤਾਲਾਪ ਵਿਚ ਇਕ ਮਹੱਤਵਪੂਰਣ ਮੋੜ ਤੇ ਰੱਖਿਆ। (ਡੇਵਿਡ ਨੋਏਲ ਫ੍ਰੀਡਮੈਨ, “ਦ ਅਲੀਹੂ ਸਪੀਚਜ਼ ਇਨ ਦ ਬੁਕ ਆਫ਼ ਅੱਯੂਬ,” *ਹਾਰਵਰਡ ਥੀਓਲੀਜੀਕਲ ਰਿਵਿਊ* 61 [1968]: 51-59.) ਵਿਲੀਅਮ ਫੌਕਸਵੈਲ ਐਲਬਰਾਈਟ ਨੇ ਆਪਣੇ ਵਿਸ਼ਵਾਸ ਨੂੰ ਦੱਸਿਆ ਕਿ ਅਲੀਹੂ ਦੀਆਂ ਚਾਰ ਗੱਲਾਂਬਾਤਾਂ 1965 ਵਿਚ ਪ੍ਰੋਫੈਸਰ ਫ੍ਰੀਡਮੈਨ ਨੂੰ ਲਿਖੇ ਗਏ ਇਕ ਪੱਤਰ ਵਿਚ ਲੇਖਕ ਦੀ ਰਚਨਾ ਸੀ। (ਡੀ. ਐਨ. ਫ੍ਰੀਡਮੈਨ, “ਓਰਥੋਗ੍ਰਾਫਿਕ ਪੈਕਿਊਲੀਐਰਿਟੀਜ ਇਨ ਦ ਬੁਕ ਆਫ਼ ਅੱਯੂਬ,” *ਇਰੈਟਜ਼-ਇਜ਼ਰਾਈਲ: ਆਰਕੀਓਲੀਜੀਕਲ, ਹਿਸਟੋਰੀਕਲ ਐਂਡ ਜੀਓਗ੍ਰਾਫੀਕਲ ਸਟੱਡੀਜ਼*, ਸੰਪਾ. ਏ. ਮਲਾਮਟ [ਜੇਰੂਸਲਮ: ਇਜ਼ਰਾਈਲ ਐਕਸਪਲੋਰੇਸ਼ਨ ਸੋਸਾਇਟੀ, 1969], 9:44.) [23]ਸਨੇਥ, 104-12. [24]ਉਸੇ ਸਥਾਨ ਤੇ, 83.

ਯਹੋਵਾਹ ਦੀ ਗੱਲਬਾਤ ਦੀ ਇਤਹਾਸਕ ਆਲੋਚਨਾ[1]

ਯਹੋਵਾਹ ਦੀ ਪਹਿਲੀ ਗੱਲਬਾਤ ਦੀ ਪ੍ਰਮਾਣਿਕਤਾ

ਯਹੋਵਾਹ ਦਾ ਪਹਿਲੀ ਗੱਲਬਾਤ ਅਧਿਆਇ 38 ਅਤੇ 39 ਵਿਚ ਮਿਲਦੀ ਹੈ। ਯਹੋਵਾਹ ਨੇ ਇਕ ਵਾਵਰੋਲੇ ਦੇ ਵਿੱਚੋਂ ਦੀ ਗੱਲ ਕੀਤੀ - ਇਕ ਅਜਿਹਾ ਚਿੱਤਰ ਜੋ ਪੁਰਾਣੇ ਨੇਮ ਵਿਚ ਅਕਸਰ ਇਕ ਥਿਓਫਨੀ ਦੀ ਪਛਾਣ ਦੇ ਲਈ ਵਰਤਿਆ ਗਿਆ ਹੈ। ਇਕ "ਥਿਓਫਨੀ" ਇਕ ਵਿਅਕਤੀ ਦੇ ਲਈ ਪ੍ਰਭੂ ਦਾ ਪ੍ਰਗਟਾਵਾ ਹੈ (ਕੂਚ 19:16-19; ਅੱਯੂਬ 38:1; 40:6; ਜ਼ਬੂਰ 18:7-15; ਹਿਜ਼ਕੀਏਲ 1:4-28; ਜ਼ਕਰਯਾਹ 9:14)।

ਆਲੋਚਨਾ ਕਰਨ ਵਾਲੇ ਵਿਦਵਾਨਾਂ ਨੇ ਇਹ ਸਵਾਲ ਕੀਤਾ ਹੈ ਕਿ ਕੀ ਯਹੋਵਾਹ ਦੀ ਪਹਿਲੀ ਗੱਲਬਾਤ ਉਸ ਸਮੇਂ ਤੋਂ ਅੱਯੂਬ ਦੀ ਪੁਸਤਕ ਦਾ ਇਕ ਹਿੱਸਾ ਸੀ ਜਦੋਂ ਤੋਂ ਇਹ ਅਸਲ ਵਿਚ ਲਿਖੀ ਗਈ ਸੀ। ਇਸ ਗੱਲਬਾਤ ਦੀ ਪ੍ਰਮਾਣਿਕਤਾ ਤੇ ਸਭ ਤੋਂ ਪਹਿਲਾਂ 1880 ਵਿਚ ਪ੍ਰਸ਼ਨ ਕਰਨ ਵਾਲੇ ਐਮ. ਵਰਨਿਸ ਸਨ।[2] ਵੀਹਵੀਂ ਸਦੀ ਵਿਚ, ਹੋਰਨਾਂ ਵਿਦਵਾਨਾਂ ਨੇ ਵੀ ਵਾਵਰੋਲੇ ਵਿੱਚੋਂ ਯਹੋਵਾਹ ਦੀਆਂ ਗੱਲਾਂਬਾਤਾਂ ਨੂੰ ਅਪ੍ਰਮਾਣਿਕ ਮੰਨਿਆ।[3] 1928 ਵਿੱਚ, ਮਿਲਰ ਬੱਰੋਜ਼ ਨੇ "ਵਾਵਰੋਲੇ ਦੀ ਅਵਾਜ਼" ਦੀ ਸੱਚਾਈ ਦੇ ਲਈ ਦ੍ਰਿੜ੍ਹਤਾ ਦੇ ਨਾਲ ਦਲੀਲ ਦਿੱਤੀ।[4] ਉਸ ਸਮੇਂ ਤੋਂ ਉਨ੍ਹਾਂ ਵਿਦਵਾਨਾਂ ਦੀ ਸੂਚੀ ਵੱਧਦੀ ਜਾ ਰਹੀ ਹੈ ਜਿਹੜੇ ਯਹੋਵਾਹ ਦੀ ਪਹਿਲੀ ਗੱਲਬਾਤ ਦੀ ਪ੍ਰਮਾਣਿਕਤਾ ਨੂੰ ਸਵੀਕਾਰ ਕਰਦੇ ਹਨ।[5]

ਪ੍ਰਮਾਣਿਕਤਾ ਦੇ ਵਿਰੁੱਧ ਦਲੀਲਾਂ

ਸੈਮੂਏਲ ਟੈਰੀਅਨ ਨੇ ਉਨ੍ਹਾਂ ਦਲੀਲਾਂ ਦਾ ਇਕ ਸੰਖੇਪ ਸਾਰ ਪੇਸ਼ ਕੀਤਾ ਜੋ ਆਲੋਚਕਾਂ ਨੇ ਯਹੋਵਾਹ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਦੇ ਵਿਰੁੱਧ ਦਿੱਤੀਆਂ ਹਨ।[6] ਇੱਥੇ ਅਸਲ ਵਿਚ ਤਿੰਨ ਦਲੀਲਾਂ ਦਿੱਤੀਆਂ ਗਈਆਂ ਹਨ: (1) ਉਹ ਲੋਕ ਜੋ ਇਹ ਸੋਚਦੇ ਹਨ ਕਿ ਗੱਲਬਾਤ ਦਾ ਉਦੇਸ਼ ਦੁੱਖਾਂ ਦੀ ਸਮੱਸਿਆ ਬਾਰੇ ਚਰਚਾ ਕਰਨਾ ਹੈ ਉਹ ਗਲਬਾਤਾਂ ਨੂੰ ਬੇਲੋੜਾ ਮੰਨਦੇ ਹਨ ਕਿਉਂਕਿ ਉਹ ਇਸ ਵਿਸ਼ੇ ਤੇ ਗੱਲਬਾਤ ਦੇ ਵਿਚਾਰਾਂ ਵਿਚ ਕੁਝ ਵੀ ਨਹੀਂ ਜੋੜਦੇ ਹਨ। (2) ਕੁਝ ਆਲੋਚਕਾਂ ਦਾ ਇਹ ਇਲਜ਼ਾਮ ਹੈ ਕਿ ਇਹ ਗੱਲਾਂਬਾਤਾਂ ਸਿਰਫ ਕਾਵਿਕ ਗੱਲਬਾਤ ਨੂੰ ਦੁਹਰਾਉਂਦੀਆਂ ਹਨ। ਅੱਯੂਬ ਅਤੇ ਉਸ ਦੇ ਮਿੱਤਰ ਪਹਿਲਾਂ ਤੋਂ ਹੀ ਪਰਮੇਸ਼ੁਰ ਦੀ ਸਰਬ ਸ਼ਕਤੀਮਾਨਤਾ ਨੂੰ ਸਵੀਕਾਰ ਕਰ ਚੁੱਕੇ ਸਨ। ਇਹ ਗੱਲਾਂਬਾਤਾਂ ਇਸ ਵਿਸ਼ੇ ਤੇ ਹੋਰ ਚਾਨਣਾ ਨਹੀਂ ਪਾਉਂਦੀਆਂ ਹਨ। (3) ਸੀ. ਕੁਲਹ ਦੇ ਅਨੁਸਾਰ, ਯਹੋਵਾਹ ਦੀਆਂ ਮੌਜੂਦਾ ਗੱਲਾਂਬਾਤਾਂ ਨੇ ਪਰਮੇਸ਼ੁਰ ਦੇ ਇਕ ਠੋਸ ਦਰਸ਼ਨ ਦਾ ਸਥਾਨ ਲੈ ਲਿਆ ਹੈ ਜਿਸ ਨੂੰ ਅੱਯੂਬ ਨੇ ਸਵੀਕਾਰ ਕੀਤਾ ਸੀ। ਉਸ ਨੇ ਉਨ੍ਹਾਂ ਬਿਆਨਾਂ ਤੇ ਧਿਆਨ ਦਿੱਤਾ ਜੋ ਪਰਮੇਸ਼ੁਰ ਨੇ ਅੱਯੂਬ ਨੂੰ ਵਾਵਰੋਲੇ ਦੇ ਵਿੱਚੋਂ ਦੀ ਅਸਪਸ਼ੱਟ ਤੌਰ ਤੇ ਬੋਲੇ ਸਨ ਜੋ ਇਸ ਘੋਸ਼ਣਾ ਦੇ ਉਲਟ ਸੀ ਕਿ ਅੱਯੂਬ ਨੇ ਪਰਮੇਸ਼ੁਰ ਨੂੰ ਆਹਮੋ-ਸਾਹਮਣੇ ਡਿੱਠਾ ਸੀ (42:5)।[7]

ਹੋਰ ਲੋਕ ਜੋ ਪਹਿਲੀ ਗੱਲਬਾਤ ਦੀ ਸੱਚਾਈ ਨੂੰ ਸਵੀਕਾਰ ਕਰਦੇ ਹਨ ਉਹ ਸ਼ੁਤਰਮੁਰਗ ਨਾਲ ਸੰਬੰਧਤ ਇਸ ਦੇ ਹਿੱਸੇ ਨੂੰ ਅਸਵੀਕਾਰ ਕਰਦੇ ਹਨ (39:13–18)। ਉਹ ਇਹ ਬਹਿਸ ਕਰਦੇ ਹਨ, ਕਿਉਂਕਿ ਸਪਤਤੀ ਵਿਚ ਇਹ ਪੈਰ੍ਹਾ ਨਹੀਂ ਸੀ, ਇਹ ਪੁਸਤਕ ਵਿਚ ਬਾਅਦ ਵਿਚ ਜੋੜਿਆ ਗਿਆ ਹੈ।[8]

ਪ੍ਰਮਾਣਿਕਤਾ ਦੇ ਵਿਰੁੱਧ ਦਲੀਲਾਂ ਦਾ ਇਕ ਵਿਸ਼ਲੇਸ਼ਣ

ਯਹੋਵਾਹ ਦੀਆਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਦੇ ਵਿਰੁੱਧ ਪਹਿਲੀ ਦਲੀਲ ਇਹ ਮੰਨਦੀ ਹੈ ਕਿ ਅੱਯੂਬ ਦੀ ਪੁਸਤਕ ਦਾ ਉਦੇਸ਼ ਮਨੁੱਖੀ ਦੁੱਖਾਂ ਦੀ ਵਿਆਖਿਆ ਕਰਨਾ ਸੀ। ਕਿਉਂਕਿ ਇਹ ਸਪੱਸ਼ਟ ਹੈ ਕਿ ਇੱਥੇ ਪੁਸਤਕ ਦੇ ਲਿਖੇ ਜਾਣ ਦਾ ਇਕ ਹੋਰ ਵੀ ਮਜ਼ਬੂਤ ਕਾਰਣ ਸੀ, ਉਸ ਦਲੀਲ ਦਾ ਕੋਈ ਅਸਲੀ ਕਾਰਣ ਨਹੀਂ ਹੈ।[9] ਮਨੁੱਖ ਨਾਲ ਪਰਮੇਸ਼ੁਰ ਦਾ ਰਿਸ਼ਤਾ ਪੁਸਤਕ ਦਾ ਮੁੱਖ ਵਿਸ਼ਾ ਹੈ। ਮਨੁੱਖੀ ਦੁੱਖ ਦਾ ਇਲਾਜ ਉਸੇ ਸੰਦਰਭ ਵਿਚ ਕੀਤਾ ਜਾਂਦਾ ਹੈ। ਜਦ ਕਿ ਯਹੋਵਾਹ ਦੀਆਂ ਗੱਲਾਂਬਾਤਾਂ ਉਸ ਵਿਸ਼ੇ ਨਾਲ ਸਿੱਧੇ ਤੌਰ ਤੇ ਸੰਬੰਧਤ ਨਹੀਂ ਹਨ, ਪਰ ਉਹ ਕਵੀ ਦੀ ਯੋਜਨਾ ਤੇ ਪੂਰੇ ਉਤਰਦੇ ਹਨ।

ਜੇਕਰ ਰੱਬੀ ਦਖਲਅੰਦਾਜ਼ੀ ਦਾ ਉਦੇਸ਼ ਅੱਯੂਬ ਨੂੰ ਪ੍ਰਭੂ ਦੀ ਸਰਬ ਸ਼ਕਤੀਮਾਨਤਾ ਦੇ ਵਿਸ਼ੇ ਵਿਚ ਸਮਝਾਉਣ ਤੋਂ ਇਲਾਵਾ ਕੁਝ ਹੋਰ ਹੈ, ਤਾਂ ਉੱਪਰ ਦਿੱਤੀ ਗਈ ਦੂਸਰੀ ਦਲੀਲ ਵੀ ਜਾਇਜ਼ ਨਹੀਂ ਹੈ। ਇਹ ਸਪੱਸ਼ਟ ਹੈ ਕਿ ਯਹੋਵਾਹ ਦੀਆਂ ਗੱਲਾਂਬਾਤਾਂ ਦੇ ਮਹਾਨ ਵਿਸ਼ਿਆਂ ਵਿੱਚੋਂ ਇਕ ਵਿਸ਼ਾ ਰੱਬੀ ਮੁਲਾਕਾਤ ਹੈ।[10] ਇਹ ਸਿਰਫ ਸ਼ਕਤੀ ਦਾ ਪ੍ਰਦਰਸ਼ਣ ਹੀ ਨਹੀਂ ਹੈ, ਪਰ ਪਰਮੇਸ਼ੁਰ ਦੀ ਇਕ ਦਖਲਅੰਦਾਜ਼ੀ ਜੋ ਮਨੁੱਖਜਾਤੀ ਦੀ ਪਰਵਾਹ ਕਰਦਾ ਹੈ।

ਏਡੋਰਡ ਧੋਰਮੇ ਨੇ ਉਨ੍ਹਾਂ ਲੋਕਾਂ ਨੂੰ ਚਿਤਾਵਨੀ ਦਿੱਤੀ ਜਿਨ੍ਹਾਂ ਨੇ ਯੂਨਾਨੀ ਸਪਤਤੀ ਦੇ ਅਧਾਰ ਤੇ ਅੱਯੂਬ ਦੇ ਕੁਝ ਹਿੱਸਿਆਂ ਨੂੰ ਰੱਦ ਕਰਨਾ ਸੀ। ਉਸ ਨੇ ਅੱਯੂਬ ਦੀ ਪੁਸਤਕ ਦੇ ਯੂਨਾਨੀ ਸੰਸਕਰਣ ਦਾ ਸਾਵਧਾਨੀ ਨਾਲ ਕੀਤਾ ਹੋਇਆ ਇਕ ਵਿਸ਼ਲੇਸ਼ਣ ਪੇਸ਼ ਕੀਤਾ।[11] ਉਸ ਨੇ ਦਲੀਲ ਦਿੱਤੀ ਕਿ ਅਨੁਵਾਦਕ ਯੂਨਾਨੀ ਲਿਖਤ ਨੂੰ ਹੈਕਲ ਵਿਚ ਇਸਤੇਮਾਲ ਕੀਤੇ ਜਾਣ ਦੇ ਲਈ ਤਿਆਰ ਨਹੀਂ ਕਰ ਰਹੇ ਸਨ। ਜ਼ਿਆਦਾਤਰ ਹਿੱਸੇ ਦੇ ਲਈ ਇਹ ਇਕ ਸ਼ਾਬਦਿਕ ਅਨੁਵਾਦ ਦੀ ਬਜਾਇ ਇਕ ਢਿੱਲੀ ਵਿਆਖਿਆ ਨੂੰ ਦਰਸਾਉਂਦਾ ਹੈ।[12] ਸਪਤਤੀ ਵਿਚ ਸ਼ੁਤਰਮੁਰਗ ਦੇ ਅੰਸ਼ ਦੇ ਛੱਡੇ ਜਾਣ ਨੂੰ ਲਿਖਤ ਦੀਆਂ ਮੁਸ਼ਕਲਾਂ ਦੇ ਅਧਾਰ ਤੇ ਸਮਝਾਇਆ ਜਾ ਸਕਦਾ ਹੈ।[13] ਧੋਰਮੇ ਨੇ ਇਹ ਸਿੱਟਾ ਕੱਢਿਆ:

> ਇੰਜ ਜਾਪਦਾ ਹੈ ਜਿਵੇਂ ਅਨੁਵਾਦਕ ਨੇ ਆਪਣੀ ਲਿਖਤ ਨੂੰ ਹੋਰ ਵੀ ਜ਼ਿਆਦਾ ਤੋਂ ਜ਼ਿਆਦਾ ਛੋਟਾ ਕਰ ਦਿੱਤਾ ਹੈ। ਉਸ ਨੇ ਉਨ੍ਹਾਂ ਅੰਸ਼ਾਂ ਨੂੰ ਜਿਨ੍ਹਾਂ ਨੂੰ ਉਨ੍ਹਾਂ ਨੇ ਬੇਲੋੜਾ ਸਮਝਿਆ ਛੱਡ ਦਿੱਤਾ ਅਤੇ ਜੋ ਬਹੁਤ ਲੰਬੇ ਸਨ ਉਨ੍ਹਾਂ ਨੂੰ ਛੋਟਾ ਕਰ ਦਿੱਤਾ। ਉਹ ਕੁਝ ਮੁਸ਼ਕਲਾਂ ਤੋਂ ਬਚ ਗਿਆ ਹੈ ਅਤੇ ਉਸ ਨੂੰ ਜਾਪਦਾ ਹੈ ਕਿ ਜਿਵੇਂ-ਜਿਵੇਂ ਉਹ ਅੱਗੇ ਵੱਧਦਾ ਹੈ ਉਸ ਦੀ ਥਕਾਵਟ ਵੱਧਦੀ ਜਾਂਦੀ ਹੈ।[14]

ਪ੍ਰਮਾਣਿਕਤਾ ਦੇ ਲਈ ਦਲੀਲਾਂ

ਬਹੁਤ ਸਾਰੇ ਨਾਮੀ ਵਿਦਵਾਨ ਯਹੋਵਾਹ ਦੀ ਪਹਿਲੀ ਗੱਲਬਾਤ ਦੀ ਪ੍ਰਮਾਣਿਕਤਾ ਨੂੰ ਸਵੀਕਾਰ ਕਰਦੇ ਹਨ। ਇਸ ਦੀ ਸੱਚਾਈ ਦੇ ਪੱਖ ਵਿਚ ਕਈ ਦਲੀਲਾਂ ਪੇਸ਼ ਕੀਤੀਆਂ ਗਈਆਂ ਹਨ। ਪਹਿਲੀ, ਇਹ ਕਿਹਾ ਜਾ ਸਕਦਾ ਹੈ ਕਿ ਗੱਲਬਾਤ ਅਤੇ ਸੰਵਾਦ ਦੇ ਵਿਚਕਾਰ ਕਾਫੀ ਭਾਸ਼ਾਈ ਅਤੇ ਸ਼ੈਲੀਗਤ ਅੰਤਰ ਹਨ। ਅੱਯੂਬ ਦੀ ਪੁਸਤਕ ਦੀ ਰਚਨਾ ਦੇ ਇਕ ਅਧਿਆਇ ਵਿਚ, ਧੋਰਮੇ ਨੇ ਦੋਵਾਂ ਖੰਡਾਂ ਵਿਚ ਇਕ ਹੀ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਦੀਆਂ ਕਈ ਉਦਾਹਰਣਾਂ

ਦਿੱਤੀਆਂ ਹਨ।[15] ਜਦ ਕਿ ਕੁਝ ਖਾਸ ਉਦਾਹਰਣਾਂ ਦਾ ਹਵਾਲਾ ਨਾ ਦਿੰਦੇ ਹੋਏ, ਟੇਰੀਅਨ ਨੇ ਪੁਸ਼ਟੀ ਕੀਤੀ ਕਿ ਯਹੋਵਾਹ ਦੀਆਂ ਗੱਲਾਂਬਾਤਾਂ ਉਸੇ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਅਤੇ ਕਲਾਤਮਕਤਾ ਦੀ ਗੁਣਵੱਤਾ ਨੂੰ ਦਰਸਾਉਂਦੀਆਂ ਹਨ, ਜਿਵੇਂ ਸੰਵਾਦ ਦੀ। ਉਸ ਨੇ ਸਮਝਾਇਆ,

> ਜਦ ਕਿ ਸ਼ਬਦਾਵਲੀ ਨੂੰ ਨਿਸ਼ਚਤ ਤੌਰ ਤੇ, ਮੌਸਮ ਵਿਗਿਆਨ ਅਤੇ ਜੀਵ ਵਿਗਿਆਨ ਵਿਸ਼ਿਆਂ ਦੀ ਵਿਸ਼ੇਸ਼ਤਾ ਦੇ ਅਨੁਸਾਰ ਅਨੁਕੂਲਿਤ ਕੀਤਾ ਗਿਆ ਹੈ ਜਿਸ ਦਾ ਇਸ ਵਿਚ ਇਸਤੇਮਾਲ ਕੀਤਾ ਗਿਆ ਹੈ, ਸ਼ਬਦਕੋਸ਼ ਦੀਆਂ ਤਰਜੀਹਾਂ, ਰੂਪ ਵਿਗਿਆਨ ਦੀਆਂ ਆਦਤਾਂ, ਵਾਕ ਰਚਨਾ ਦੀਆਂ ਬਣਤਰਾਂ, ਸ਼ਬਦਾਂ ਦੀ ਪੱਧਤੀ ਦੇ ਅਲੰਕਾਰਾਂ, ਛੰਦ ਰੂਪਾਂ ਅਤੇ ਛੰਦਬੱਧ ਬਣਤਰਾਂ ਵਿਚ ਕੋਈ ਫਰਕ ਨਜ਼ਰ ਨਹੀਂ ਆਉਂਦਾ।[16]

ਆਰ. ਏ. ਐੱਫ਼. ਮੈਕੇਂਜੀ ਨੇ ਕਿਹਾ ਕਿ ਜੇਕਰ ਲੇਖਕ ਵੰਡਿਆ ਹੋਇਆ ਹੈ, ਤਾਂ ਕਿਸੇ ਨੂੰ ਉਸੇ ਪ੍ਰਤਿਭਾ ਅਤੇ ਕਾਵਿਕ ਪੱਧਰ ਦਾ ਦੂਸਰਾ ਲੇਖਕ ਬਣਾਉਣਾ ਪਵੇਗਾ। ਉਸ ਨੇ ਵਿਅੰਗਾਤਮਕ ਟਿੱਪਣੀ ਕੀਤੀ, "ਇਸ ਯੋਗਤਾ ਦੇ ਕਵਿ ਬਹੁਤ ਹੀ ਮੁਸ਼ਕਲ ਨਾਲ ਮਿਲਦੇ ਹਨ ਅਤੇ ਬਹੁਤ ਘੱਟ ਹੁੰਦੇ ਹਨ।"[17]

ਦੂਜੀ, ਪਿਛਲੇ ਸੰਵਾਦ ਵਿਚ ਇਕ ਰੱਬੀ ਦਖਲਅੰਦਾਜ਼ੀ ਜਾਪਦਾ ਹੈ। ਅੱਯੂਬ ਅਤੇ ਅਲੀਹੂ ਦੋਵੇਂ ਥਿਓਫਨੀ ਵੱਲ ਵੇਖ ਰਹੇ ਸਨ (31:35-37; 37:2-13)। ਜੇਮਸ ਮੁਲੇਨਬਰਗ ਨੇ ਪੁਸ਼ਟੀ ਕੀਤੀ ਕਿ ਯਹੋਵਾਹ ਦੀ ਮੌਜੂਦਗੀ ਤੋਂ ਬਿਨਾ "ਪੁਸਤਕ ਸਿਰਫ ਇਕ ਧੜ ਹੋਵੇਗੀ।"[18] ਧੋਰਮੇ ਨੇ ਸੰਵਾਦ ਅਤੇ ਥਿਓਫਨੀ ਦੇ ਵਿਚਕਾਰ ਤਰਕਪੂਰਨ ਸੰਬੰਧ ਦੇ ਵਿਸ਼ੇ ਵਿਚ ਵਿਵਾਦ ਕਰਨਾ ਸੰਭਵ ਨਹੀਂ ਸਮਝਿਆ।[19]

ਤੀਜੀ, ਧੋਰਮੇ ਅਤੇ ਬੱਰੋ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਜੇਕਰ ਉਪਸੰਹਾਰ ਨੂੰ ਕਾਇਮ ਰੱਖਣਾ ਹੈ, ਤਾਂ ਇਕ ਰੱਬੀ ਪਤਾ ਇਕ ਜ਼ਰੂਰੀ ਪਰਿਣਾਮ ਹੈ। ਜਿਸ ਤਰ੍ਹਾਂ ਯਹੋਵਾਹ ਨੇ ਅਲੀਫਜ਼ ਨੂੰ ਸੰਬੋਧਤ ਕੀਤਾ ਹੈ ਉਹ ਇਕ ਰੱਬੀ ਦਖਲਅੰਦਾਜ਼ੀ ਅਤੇ ਅੱਯੂਬ ਦੇ ਪਸ਼ਚਾਤਾਪ ਨੂੰ ਦਰਸਾਉਂਦਾ ਹੈ (42:7, 8)।

ਇਸ ਲਈ, ਯਹੋਵਾਹ ਦੀ ਪਹਿਲੀ ਗੱਲਬਾਤ ਦੇ ਵਿਰੁੱਧ ਦਲੀਲਾਂ ਅਤੇ ਭਵਿੱਖ ਦੀਆਂ ਦਲੀਲਾਂ ਦੇ ਮੱਦੇਨਜ਼ਰ, ਇਸ ਨੂੰ ਰੱਦ ਕਰਨ ਦਾ ਕੋਈ ਜਾਇਜ਼ ਕਾਰਣ ਨਹੀਂ ਹੈ। ਟੇਰੀਅਨ ਦੇ ਸ਼ਬਦ ਧਿਆਨ ਦੇਣ ਯੋਗ ਹਨ।

> ਨਾ ਤਾਂ ਭਾਸ਼ਾ, ਸ਼ੈਲੀ ਅਤੇ ਰੂਪ ਦੇ ਅਧਾਰ ਤੇ ਅਤੇ ਨਾ ਹੀ ਵਿਸ਼ੇ ਵਿਸ਼ਲੇਸ਼ਣ ਦੇ ਅਧਾਰ ਤੇ ਲੇਖਕ ਦੀ ਵਿਭਿੰਨਤਾ ਦੀ ਕਲਪਨਾ ਨੂੰ ਕਾਇਮ ਰੱਖਣਾ ਸੰਭਵ ਹੈ। ਇਸ ਲਈ ਉਨ੍ਹਾਂ ਦੇ ਜੋਬਨ ਕਾਵਿਕ ਵਿਸ਼ਾ-ਵਸਤੂ ਦੀ ਰੌਸ਼ਨੀ ਵਿਚ ਯਹੋਵਾਹ ਦੀ ਗੱਲਬਾਤ ਨੂੰ ਪੜ੍ਹਨਾ ਮੁਨਾਸਿਬ ਹੈ।[21]

ਯਹੋਵਾਹ ਦੀ ਦੂਜੀ ਗੱਲਬਾਤ ਦੀ ਪ੍ਰਮਾਣਿਕਤਾ

ਪਹਿਲੀ ਗੱਲਬਾਤ ਦੀ ਤੁਲਨਾ ਵਿਚ ਦੂਜੀ ਗੱਲਬਾਤ ਦੀ ਪ੍ਰਮਾਣਿਕਤਾ ਨੂੰ ਘੱਟ ਲੋਕ ਸਵੀਕਾਰ ਕਰਦੇ ਹਨ। ਰੌਬਰਟ ਐੱਚ. ਫੀਫਰ ਨੇ ਦੂਜੀ ਗੱਲਬਾਤ ਦੀ ਆਲੋਚਨਾ ਦੇ ਇਤਿਹਾਸ ਦਾ ਸਾਰ ਦਿੱਤਾ। ਉਸ ਨੇ ਡਬਲਿਯੂ. ਐਮ. ਐੱਲ. ਡੀ. ਵੀਟੇ (1817) ਅਤੇ ਜੇ. ਜੀ. ਇਕਹੋਰਨ (1823-1824) ਨੂੰ ਦੂਜੀ ਗੱਲਬਾਤ ਨੂੰ ਰੱਦ ਕਰਨ ਵਾਲੇ ਵਿਅਕਤੀ ਹੋਣ ਦਾ ਸਿਹਰਾ ਦਿੱਤਾ।[22] ਵੀਹਵੀਂ ਸਦੀ ਵਿਚ ਬਹੁਤ ਸਾਰੇ ਵਿਦਵਾਨਾਂ ਨੇ ਜਾਂ ਤਾਂ ਇਸ ਨੂੰ ਰੱਦ ਕਰ ਦਿੱਤਾ ਜਾਂ ਇਸ ਨੂੰ ਪਹਿਲੀ ਗੱਲਬਾਤ ਦੇ ਨਾਲ ਇਕ ਨਿਰੰਤਰ ਉਪਦੇਸ਼ ਦੇ ਰੂਪ ਵਿਚ ਜੋੜਣ

ਦੀ ਕੋਸ਼ਿਸ਼ ਕੀਤੀ ਹੈ।[23]

ਪ੍ਰਮਾਣਿਕਤਾ ਦੇ ਵਿਰੁੱਧ ਦਲੀਲਾਂ

ਦੂਜੀ ਗੱਲਬਾਤ, ਜਾਂ ਘੱਟੋ-ਘੱਟ ਇਸ ਦੇ ਵੱਖੋ-ਵੱਖ ਭਾਗਾਂ ਨੂੰ ਛੱਡਣ ਦੇ ਲਈ ਆਮ ਤੌਰ ਤੇ ਦਲੀਲਾਂ ਜੋ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਜੌਰਜ ਬੁਚਨਨ ਗ੍ਰੇਅ ਦੁਆਰਾ ਸੰਖੇਪ ਕੀਤਾ ਸੀ: (1) ਜਾਨਵਰਾਂ ਦੇ ਵਿਸ਼ੇ ਵਿਚ ਦਿੱਤੇ ਹੋਏ ਵੇਰਵੇ ਲੰਬੇ ਹਨ। (2) ਪ੍ਰਸ਼ਨ ਬਹੁਤ ਘੱਟ ਵਾਰ ਆਉਂਦੇ ਹਨ ਅਤੇ ਜੋ ਹੁੰਦੇ ਹਨ ਉਨ੍ਹਾਂ ਨੂੰ ਨਾਲ ਜੋੜ ਦਿੱਤਾ ਜਾਂਦਾ ਹੈ। (3) ਦੂਜੀ ਗੱਲਬਾਤ ਵਿਚ ਪ੍ਰਸ਼ਨਾਂ ਦੀ ਘਾਟ ਦੇ ਕਾਰਣ ਕੋਈ ਭੁੱਲ ਸਕਦਾ ਹੈ ਕਿ ਯਹੋਵਾਹ ਗੱਲ ਕਰ ਰਿਹਾ ਹੈ। (4) ਅੱਯੂਬ 41:12 ਵਿਚ ਇਕ ਸਿੱਧਾ ਦਾਅਵਾ ਹੈ ਜਿਸ ਦੀ ਪਹਿਲੀ ਗੱਲਬਾਤ ਵਿਚ ਪੂਰੀ ਤਰ੍ਹਾਂ ਨਾਲ ਕਮੀ ਹੈ। (5) ਪਹਿਲੀ ਗੱਲਬਾਤ ਵਿਚ ਜਾਨਵਰਾਂ ਦੀਆਂ ਆਦਤਾਂ ਤੇ ਜ਼ੋਰ ਦਿੱਤਾ ਗਿਆ ਹੈ, ਜਦ ਕਿ ਦੂਜੀ ਗੱਲਬਾਤ ਵਿਚ ਉਨ੍ਹਾਂ ਦੇ ਸਰੀਰ ਦੇ ਅੰਗ ਪ੍ਰਮੁੱਖਤਾ ਹਾਸਲ ਕਰਦੇ ਹਨ। (6) ਬਹੇਮੋਥ ਅਤੇ ਲਿਵਯਾਥਾਨ ਫ਼ਿਲਿਸਤੀਨ ਦੇ ਅਸਲੀ ਜਾਨਵਰਾਂ ਨਾਲੋਂ ਬਹੁਤ ਭਿੰਨ ਹਨ ਜੋ ਪਹਿਲੀ ਗੱਲਬਾਤ ਵਿਚ ਦਿਖਾਈ ਦਿੰਦੇ ਹਨ।[24]

ਟੇਰੀਅਨ ਨੇ, ਦੂਜੀ ਗੱਲਬਾਤ ਨੂੰ ਸੱਚਾਈ ਵਜੋਂ ਸਵੀਕਾਰ ਕਰਦਿਆਂ, ਇਕ ਵਾਧੂ ਦਲੀਲ ਸੂਚੀਬੱਧ ਕੀਤੀ ਜੋ ਇਸ ਦੀ ਪ੍ਰਮਾਣਿਕਤਾ ਦੇ ਵਿਰੋਧੀਆਂ ਦੇ ਦੁਆਰਾ ਪੇਸ਼ ਕੀਤੀ ਗਈ ਹੈ: "ਪਹਿਲੀ ਗੱਲਬਾਤ ਦੇ ਪ੍ਰਸ਼ਨਾਂ ਦੇ ਦੁਆਰਾ, ਯਹੋਵਾਹ ਨੇ ਪਹਿਲਾਂ ਤੋਂ ਹੀ ਆਪਣੇ ਨਿਸ਼ਾਨੇ ਨੂੰ ਹਾਸਲ ਕਰ ਲਿਆ ਹੈ, ਜੋ ਵਿਰੋਧੀ ਨੂੰ ਚੁੱਪ ਕਰਾਉਣਾ ਸੀ। ਪਰਮੇਸ਼ੁਰ ਦੇ ਲਈ ਬਹੁਤ ਹੀ ਘੱਟ ਅਸਹਿਣਸ਼ੀਲਤਾ ਦੇ ਨਾਲ, ਇਕ ਹੋਰ ਚੁਣੌਤੀ ਪੇਸ਼ ਕਰਨ ਦਾ ਕਾਰਣ ਪਹਿਲਾਂ ਤੋਂ ਹੀ ਹਾਸਲ ਕੀਤੀ ਗਈ ਜਿੱਤ ਤੇ ਜ਼ੋਰ ਦੇਣਾ ਹੋਵੇਗਾ।"[25]

ਪ੍ਰਮਾਣਿਕਤਾ ਦੇ ਲਈ ਦਲੀਲਾਂ

ਇਨ੍ਹਾਂ ਗੱਲਾਂਬਾਤਾਂ ਦੀ ਪ੍ਰਮਾਣਿਕਤਾ ਸੰਬੰਧੀ ਦਲੀਲਾਂ ਦੇ ਕਈ ਸ਼ਾਨਦਾਰ ਵਿਸ਼ਲੇਸ਼ਣ ਮਿਲਦੇ ਹਨ। ਜਦ ਕਿ ਡਰਾਈਵਰ ਅਤੇ ਗ੍ਰੇਅ ਨੇ ਪਹਿਲੀ ਗੱਲਬਾਤ ਨੂੰ ਰੂਪ ਵਿਚ ਸਵੀਕਾਰ ਕੀਤਾ ਹੈ ਅਤੇ ਦੂਜੀ ਗੱਲਬਾਤ ਨੂੰ ਸੰਭਾਵਿਤ ਜਾਂ ਸੰਭਾਵਤ ਜੋੜ ਵਜੋਂ ਵੇਖਿਆ ਹੈ, ਉਨ੍ਹਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਦੋਵਾਂ ਗੱਲਾਂਬਾਤਾਂ ਵਿਚ ਵਿਸ਼ਾ ਵਸਤੂ ਅਤੇ ਸਮੱਗਰੀ ਦੀ ਪੇਸ਼ਕਾਰੀ ਦੀ ਯੋਗਤਾ ਹੈ।[26]

ਬੁਰੋਜ਼ ਨੇ ਦੋਵਾਂ ਗੱਲਾਂਬਾਤਾਂ ਦੀ ਜ਼ਰੂਰਤ ਦੇ ਲਈ ਦਲੀਲ ਦਿੱਤੀ ਕਿਉਂਕਿ ਪਹਿਲੀ ਗੱਲਬਾਤ ਦੇ ਅਖੀਰ ਵਿਚ ਅੱਯੂਬ ਦਾ ਇਕਬਾਲੀਆਪਣ ਇਕ "ਗੈਰ ਸੰਵਿਧਾਨਕ ਸੁਰੱਖਿਅਤਕਰਨ" ਨਾਲੋਂ ਜ਼ਿਆਦਾ ਨਹੀਂ ਹੈ।[27] ਦੂਜੀ ਗੱਲਬਾਤ ਤੋਂ ਬਾਅਦ, ਅੱਯੂਬ ਇਸ ਤੋਂ ਅੱਗੇ ਪਛਚਾਤਾਪ ਵੱਲ ਵਧਿਆ।[28]

ਟੇਰੀਅਨ ਨੇ ਦੂਜੀ ਗੱਲਬਾਤ ਦੇ ਸੰਦਰਭ ਨੂੰ "ਪਰਮੇਸ਼ੁਰ ਦੀ ਦਖਲਅੰਦਾਜ਼ੀ, ਮਨੋਵਿਗਿਆਨਕ ਅਤੇ ਅਧਿਆਤਮਕ ਸ਼ਾਸਤਰ ਸਿਖਰ ਵਜੋਂ ਲਿਆ।"[29] ਉਸ ਨੇ ਇਸ ਅਧਾਰ ਤੇ ਬਹੇਮੋਥ ਅਤੇ ਲਿਵਯਾਥਾਨ ਨੂੰ ਸਵੀਕਾਰ ਕਰਨ ਦੀ ਦਲੀਲ ਦਿੱਤੀ ਕਿ ਯਹੋਵਾਹ ਨੇ ਉਨ੍ਹਾਂ ਨੂੰ "ਪਹਿਲੀ ਗੱਲਬਾਤ ਨਾਲੋਂ ਧਰਮ ਸ਼ਾਸਤਰੀ ਚਿੰਨ੍ਹ" ਦੇਣ ਦੇ ਲਈ ਰੱਬੀ ਬੁਰਿਆਈ ਦੇ ਪ੍ਰਤੀਕ ਵਜੋਂ ਚੁਣਿਆ ਸੀ।"[30]

ਯੋਰਮੇ ਵੀਹਵੀਂ ਸਦੀ ਦਾ ਪ੍ਰਮੁੱਖ ਵਿਦਵਾਨ ਹੈ ਜਿਸ ਨੇ ਦੂਜੀ ਗੱਲਬਾਤ ਦੀ ਪ੍ਰਮਾਣਿਕਤਾ ਨੂੰ ਸਵੀਕਾਰ ਕੀਤਾ। ਉਸ ਨੇ ਕਾਫੀ ਜ਼ੋਰ ਦੇ ਕੇ ਕਿਹਾ, "ਇਕ ਆਇਤ ਵੀ ਕੱਟੀ ਨਹੀਂ ਜਾਣੀ ਚਾਹੀਦੀ ਹੈ।"[31] ਉਸ ਨੇ ਇਹ ਦਲੀਲ ਦਿੱਤੀ ਕਿ ਇਹ ਕੁਦਰਤੀ ਗੱਲ ਹੈ ਕਿ ਯਹੋਵਾਹ

ਜਾਨਵਰਾਂ ਦੇ ਆਪਣੇ ਵਿਵਰਣ ਚੜ੍ਹਦੇ ਪੈਮਾਨੇ ਤੇ ਅੱਗੇ ਵੱਧਣਾ ਚਾਹੀਦਾ ਹੈ।[32] ਮਿਸਰੀ ਕਲਪਨਾ ਦੀ ਪ੍ਰਮੁੱਖਤਾ ਚਿੰਤਾ ਦਾ ਕਾਰਣ ਨਹੀਂ ਹੋਣੀ ਚਾਹੀਦੀ ਹੈ ਕਿਉਂਕਿ ਪੁਸਤਕ ਦੇ ਹੋਰ ਭਾਗਾਂ ਵਿਚ ਮਿਸਰ ਦੇ ਬਹੁਤ ਸਾਰੇ ਆਂਕੜੇ ਹਨ।[33] ਧੋਰਮੇ ਦੇ ਅਨੁਸਾਰ, ਇਨ੍ਹਾਂ ਗੱਲਾਂਬਾਤਾਂ ਅਤੇ ਪੁਸਤਕ ਦੇ ਹੋਰਨਾਂ ਭਾਗਾਂ ਵਿਚ ਕਈ ਹੈਰਾਨੀਜਨਕ ਸਮਾਨਤਾਵਾਂ ਮੌਜੂਦ ਹਨ। ਉਸ ਨੇ ਸਿੱਟਾ ਕੱਢਿਆ:

> ਸਾਨੂੰ ਇਸ ਗਣਨਾ ਨੂੰ ਅੱਗੇ ਵਧਾਉਣ ਦੀ ਜ਼ਰੂਰਤ ਨਹੀਂ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਉਨ੍ਹਾਂ ਲੋਕਾਂ ਦੇ ਲਈ ਇਕ ਢੁੱਕਵਾਂ ਉੱਤਰ ਹੈ ਜੋ ਵਰਣਨ ਦੀਆਂ ਕੁਝ ਵਿਸ਼ੇਸ਼ ਗੱਲਾਂ ਤੋਂ ਪ੍ਰਭਾਵਿਤ ਹੋ ਸਕਦੇ ਹਨ ਜੋ ਯਹੋਵਾਹ ਦੇ ਬਿਆਨਾਂ ਵਿਚ ਲਗਾਤਾਰ ਆਉਂਦੇ ਹਨ। ਸਾਨੂੰ ਕਿਸੇ ਲੇਖਕ ਨੂੰ ਵਿਚਾਰ ਅਤੇ ਭਾਸ਼ਾ ਦੇ ਇਕ ਤੰਗ ਢਾਂਚੇ ਤੱਕ ਸੀਮਿਤ ਰੱਖਣ ਅਤੇ ਉਸ ਨੂੰ ਉਸ ਸਥਾਨ ਤੇ ਜਾਣ ਤੋਂ ਰੋਕਣ ਦਾ ਕੋਈ ਅਧਿਕਾਰ ਨਹੀਂ ਹੈ ਜਿੱਥੇ ਉਹ ਆਪਣਾ ਵਿਸ਼ਾ ਬਦਲਦਾ ਹੈ ਜਾਂ ਆਪਣੀ ਸ਼ੈਲੀ ਨੂੰ ਬਦਲਣਾ ਚਾਹੁੰਦਾ ਹੈ। ਏਕਤਾ ਵਿਚ ਭਿੰਨਤਾ ਹਮੇਸ਼ਾ ਸੁੰਦਰਤਾ ਦੀਆਂ ਸ਼ਰਤਾਂ ਵਿੱਚੋਂ ਇਕ ਹੋਵੇਗੀ।[35]

ਯਹੋਵਾਹ ਦੀ ਕਿਸੇ ਵੀ ਗੱਲਬਾਤ ਨੂੰ ਰੱਦ ਕਰਨ ਦੇ ਲਈ ਕੋਈ ਪ੍ਰੇਰਕ ਕਾਰਣ ਨਹੀਂ ਹੈ। ਸ਼ੈਲੀ ਅਤੇ ਭਾਸ਼ਾ ਵਿਚ ਦੋਵੇਂ ਗੱਲਾਂਬਾਤਾਂ ਸਹਿਮਤ ਹਨ। ਦੂਜੀ ਗੱਲਬਾਤ ਅੱਯੂਬ ਨੂੰ ਨਾ ਸਿਰਫ ਆਪਣੀ ਅਗਿਆਨਤਾ, ਬਲਕਿ ਆਪਣੇ ਸਿਰਜਣਹਾਰ ਨੂੰ ਸਵੀਕਾਰ ਕਰਨ ਦੇ ਦੁਆਰਾ ਪੁਸਤਕ ਦੇ ਵਿਸ਼ੇ ਨੂੰ ਪੂਰਾ ਕਰਦੀ ਹੈ!

ਟਿੱਪਣੀਆਂ

[1]ਇਹ ਵਿਚਾਰ-ਵਟਾਂਦਰੇ ਮੁੱਖ ਰੂਪ ਵਿਚ ਰੌਬਰਟ ਡੌਨਲਡ ਸ਼ੈਕਲਫੋਰਡ, *ਦ ਕੌਨਸੈਪਟ ਆਫ਼ ਨਾਲਜ ਇਨ ਦ ਬੁਕ ਆਫ਼ ਅੱਯੂਬ* (ਡਾਕਟਰ ਆਫ਼ ਥੀਓਲੋਜੀ, ਨਿਬੰਧ: ਨਿਊ ਓਰਲੀਅਨਜ ਬੈਪਟਿਸਟ ਥੀਓਲੀਜੀਕਲ ਸੈਮੀਨਰੀ, 1976) ਵਿੱਚੋਂ ਸਫ਼ੇ 103-8, 118-22 ਤੋਂ ਲਏ ਗਏ ਹਨ। [2]ਐੱਚ. ਐੱਚ. ਰਾਉਲੀ, ਦੁਆਰਾ *ਫਰਾਮ ਮੋਜਜ ਟੂ ਕੁਮਰਾਨ: ਸਟੱਡੀਜ਼ ਇਨ ਦਿ ਓਲਡ ਟੈਸਟਾਮੈਂਟ* (ਲੰਡਨ: ਲੁੱਟਰਵਰਥ ਪ੍ਰੈਸ, 1963) ਵਿੱਚੋਂ ਸਫ਼ਾ 164 ਨੰ 2 ਤੋਂ ਹਵਾਲਾ ਦਿੱਤਾ ਗਿਆ ਸੀ। [3]ਰਾਉਲੀ ਨੇ ਜੇ. ਟੀ. ਮਾਰਸ਼ਲ, ਡਬਲਿਯੂ. ਈ. ਸਟੈਪਲਸ, ਓ. ਐੱਸ. ਰੈਨਕਿਨ ਅਤੇ ਸੀ. ਕੁਹਲ ਨੂੰ ਯਹੋਵਾਹ ਦੀ ਗੱਲਬਾਤ ਨੂੰ ਰੱਦ ਕਰਨ ਵਾਲਿਆਂ ਵਿਚ ਸ਼ਾਮਲ ਕੀਤਾ। (ਉਸੇ ਸਥਾਨ ਤੇ।) [4]ਮਿੱਲਰ ਬੱਰੋਜ਼, "ਦ ਵੋਇਸ ਫਰਾਮ ਦ ਵਰਲਵਿੰਡ," *ਜਰਨਲ ਆਫ਼ ਬਿਬਲੀਕਲ ਲਿਟਰੇਚਰ* 47 (1928), 117-32. [5]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 308; ਸੈਮੂਏਲ ਟੈਰੇਨ, "ਦ ਬੁਕ ਆਫ਼ ਅੱਯੂਬ: ਇੰਟਰੋਡਕਸ਼ਨ ਐਂਡ ਐਕਸਜੀਸਿਸ," *ਦਿ ਇੰਟਰਪ੍ਰੇਟਰਜ ਬਾਈਬਲ*, ਸੋਧ ਜੋਰਜ ਆਰਥਰ ਬੁੱਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1954), 3:891; ਰੌਬਰਟ ਗੋਰਡਿਸ, *ਦ ਬੁਕ ਆਫ਼ ਗੌਡ ਐਂਡ ਮੈਨ: ਏ ਸਟੱਡੀ ਆਫ਼ ਅੱਯੂਬ* (ਸ਼ਿਕਾਗੋ: ਦ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1965), 121-22; ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 48-49, 268-72; ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 30-33; ਅਤੇ ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ ਹਾਊਸ, ਇੰਕ., 1994), 22-24. [6]ਸੈਮੂਏਲ ਟੈਰੇਨ "ਦ ਯਾਹਵੇਹ ਸਪੀਚਜ਼ ਐਂਡ ਜੋਬਸ ਰਿਸਪੋਂਸਸ," *ਰਿਵਿਊ ਐਂਡ ਇਕਸਪੋਜੀਟਰ* 68 (1971), 498. [7]ਸੀ. ਕੁਲਹ ਨੇ ਟੈਰੇਨ "ਯਾਹਵੇਹ ਸਪੀਚਜ਼," 498 ਹਵਾਲਾ ਦਿੱਤਾ। [8]ਐਡੋਰਡ ਧੋਰਮੇ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਅਨੁਵਾਦ ਹਾਰੋਲਡ ਨਾਈਟ (ਲੰਡਨ: ਥੋਮਸ ਨੈਲਸਨ ਐਂਡ ਸੰਨਜ਼, 1967), xcii. [9]ਅੱਯੂਬ ਨੂੰ ਸਮਝਣ ਦੀ ਕੁੰਜੀ ਇਸ ਦੇ ਗਿਆਨ ਦੀ ਧਾਰਣਾ ਵਿਚ ਪਾਈ ਜਾਂਦੀ ਹੈ, ਨਾ ਕਿ ਮਨੁੱਖੀ ਦੁੱਖਾਂ ਦੀ ਪੂਰੀ ਵਿਆਖਿਆ ਵਿਚ। [10]ਏ. ਬੀ. ਡੇਵਿਡਸਨ, *ਦ ਥੀਓਲੀਜੀ ਆਫ਼ ਦਿ ਓਲਡ ਟੈਸਟਾਮੈਂਟ*, ਸੰਪਾ. ਐੱਸ. ਡੀ. ਐਫ. ਸਾਲਮੰਡ (ਨਿਊ ਯਾਰਕ: ਚਾਰਲਸ

ਸਕਰਿਬਨਰਜ਼ ਸੰਨਜ਼, 1924), 493-95; ਅਤੇ ਗਰਹਾਰਡ ਵੋਨ ਰੈਡ, *ਓਲਡ ਟੈਸਟਾਮੈਂਟ ਥੀਓਲੀਜੀ,* ਅਨੁਵਾਦ ਡੀ. ਐੱਮ. ਜੀ. ਸ਼ਟਾਕਰ (ਨਿਊ ਯਾਰਕ: ਹਾਰਪਰ ਐਂਡ ਰੋਅ ਪਬਲਿਸ਼ਰਜ਼, 1962), 1:416-18.

[11]ਧੋਰਮੇ, cxcvi-ccvi. [12]ਉਸੇ ਸਥਾਨ ਤੇ, cciii. [13]ਉਸੇ ਸਥਾਨ ਤੇ, 603. [14]ਉਸੇ ਸਥਾਨ ਤੇ। [15]ਉਸੇ ਸਥਾਨ ਤੇ, ccvi. [16]ਟੈਰੇਨ, "ਯਾਹਵੇਹ ਸਪੀਚਜ਼," 499. [17]ਆਰ. ਏ. ਐਫ. ਮੈਕੈਨਜ਼ੀ, "ਦ ਪਰਪਜ਼ ਆਫ਼ ਦ ਯਾਹਵੇਹ ਸਪੀਚਜ਼ ਇਨ ਦ ਬੁਕ ਆਫ਼ ਅੱਯੂਬ," *ਬਿਬਲਿਕਾ* 40 (1959), 437. [18]ਜੇਮਸ ਮੁਲਿਨਬਰਗ, "ਦ ਸਪੀਚ ਆਫ਼ ਥੀਓਫੋਨੀ," *ਹਾਰਵਰਡ ਡਿਵੀਨਿਟੀ ਬੁਲੇਟਿਨ* 28 (ਜਨਵਰੀ 1964), 43. [19]ਧੋਰਮੇ, lxxxvii. [20]ਉਸੇ ਸਥਾਨ ਤੇ; ਬੱਰੋਜ਼, 118.

[21]ਟੈਰੇਨ, "ਯਾਹਵੇਹ ਸਪੀਚਜ਼," 499. [22]ਰੋਬਰਟ ਐੱਚ. ਫੀਫਰ, *ਇੰਟਰੋਡਕਸ਼ਨ ਟੂ ਦਿ ਓਲਡ ਟੈਸਟਾਮੈਂਟ,* ਦੂਜਾ ਸੰਸਕਰਣ (ਨਿਊ ਯਾਰਕ: ਹਾਰਪਰ ਐਂਡ ਬਰੱਦਰਜ਼ ਪਬਲਿਸ਼ਰਜ਼, 1941), 674. [23]ਰਾਉਲੀ, *ਫਰਾਮ ਮੋਜਜ ਟੂ ਕੁਮਰਾਨ,* 351-52; ਗੱਲਾਂਬਾਤਾਂ ਦੀ ਪ੍ਰਮਾਣਿਕਤਾ ਅਤੇ ਸੁਭਾਅ ਦੇ ਬਾਰੇ ਵੱਖ-ਵੱਖ ਵਿਚਾਰ ਰੱਖਣ ਵਾਲੇ ਵਿਦਵਾਨਾਂ ਦੀ ਉੱਤਮ ਸਹਾਇਕ ਗ੍ਰੰਥਾਵਲੀ ਦੀ ਸੂਚੀ ਦੇ ਨਾਲ-ਨਾਲ ਪਰਮੇਸ਼ੁਰ ਦੀ ਗੱਲਬਾਤ ਦੀ ਚਰਚਾ ਵੇਖੋ। [24]ਸੈਮੂਏਲ ਰੋਲਸ ਡਰਾਈਵਰ ਅਤੇ ਜੌਰਜ ਬੁਚਨਨ ਗਰੇਅ, *ਏ ਕ੍ਰਿਟੀਕਲ ਐਂਡ ਐਕਸਜੀਟੀਕਲ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ,* ਦਿ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1921), 351-52. [25]ਟੈਰੇਨ, "ਯਾਹਵੇਹ ਸਪੀਚਜ਼," 502. [26]ਡਰਾਈਵਰ ਅਤੇ ਗਰੇਅ, lviii-lxiii. [27]ਬੱਰੋਜ਼, 130. [28]ਉਸੇ ਸਥਾਨ ਤੇ। [29]ਟੈਰੇਨ, "ਯਾਹਵੇਹ ਸਪੀਚਜ਼," 502. [30]ਉਸੇ ਸਥਾਨ ਤੇ, 504.

[31]ਧੋਰਮੇ, xciv. [32]ਉਸੇ ਸਥਾਨ ਤੇ, xcv. [33]ਧੋਰਮੇ ਨੇ ਅਜਿਹੇ ਮਿਸਰੀ ਰੂਪਕ ਤੇ ਇਸ ਤਰ੍ਹਾਂ ਟਿੱਪਣੀ ਕੀਤੀ: ਕੰਮੀਆਂ ਦਾ ਬੂਟਾ (40:21, 22), ਜਲ ਕਾਨਾ (8:11), ਕਾਨਿਆਂ ਦੀ ਬੇੜੀ (9:26) ਅਤੇ ਸ਼ਾਇਦ "ਨਾਲਿਆਂ" ਲਈ ਸ਼ਬਦ (28:10)। (ਉਸੇ ਸਥਾਨ ਤੇ।) [34]ਸਮਾਨਤਾਵਾਂ ਦੀਆਂ ਉਦਾਹਰਣਾਂ ਵਿਚ ਸ਼ਾਮਲ ਹਨ: ਰੱਬੀ ਨਾਮਾਂ ਦੀ ਵਰਤੋਂ, ਤਾਰਿਆਂ ਦੇ ਨਾਮ ਅਤੇ ਤੇਜ ਪਰਗਟ ਕਰਨ ਲਈ ਸ਼ਬਦ। (ਉਸੇ ਸਥਾਨ ਤੇ, xcvi.) [35]ਉਸੇ ਸਥਾਨ ਤੇ।

ਬਹੇਮੋਥ ਅਤੇ ਲਿਵਯਾਥਾਨ

ਅੱਯੂਬ 40:15-41:34 ਵਿਚ "ਬਹੇਮੋਥ" ਅਤੇ "ਲਿਵਯਾਥਾਨ" ਦੇ ਵਿਵਰਣ ਮਿਲਦੇ ਹਨ। ਆਪਣੀ ਦੂਸਰੀ ਗੱਲਬਾਤ ਵਿਚ, ਯਹੋਵਾਹ ਨੇ ਅੱਯੂਬ ਦੀ "[ਆਪਣੇ] ਨਿਰਣੇ ਨੂੰ ਰੱਦ ਕਰਨ (40:8) ਜਾਂ ਦੁਨੀਆਂ ਵਿਚ ਸਿਰਜੇ ਪ੍ਰਾਣੀਆਂ ਤੇ ਸ਼ਾਸਨ ਕਰਨ ਦੇ ਲਈ ਲੋੜੀਂਦੀ ਸ਼ਕਤੀ ਜਾਂ ਸ਼ਾਨ ਦਾ ਪ੍ਰਦਰਸ਼ਣ ਕਰਨ ਦੀ ਯੋਗਤਾ ਤੇ ਸਵਾਲ ਉਠਾਏ (40:9-14)। ਇਸ ਤੋਂ ਬਾਅਦ, ਉਸ ਨੇ ਅੱਯੂਬ ਦੇ ਨਿਯੰਤਰਣ ਤੋਂ ਬਾਹਰ ਦੋ ਭਿਆਨਕ ਜੀਵਾਂ ਨੂੰ ਪੇਸ਼ ਕੀਤਾ: ਬਹੇਮੋਥ ਅਤੇ ਲਿਵਯਾਥਾਨ। ਇਹ ਸ਼ਬਦ ਇਬਰਾਨੀ ਸ਼ਬਦਾਵਲੀ (בְּהֵמוֹת, *ਬਹੇਮੋਥ* ਅਤੇ לִוְיָתָן, *ਲਿਵਯਾਥਾਨ)*। ਦੇ ਲਿੱਪੀ ਅੰਤਰਨ ਹਨ। ਇਹ ਦੋ ਸ਼ਬਦ ਬਹੁਤ ਸਾਰੇ ਅਨੁਵਾਦਾਂ ਵਿਚ ਆਉਂਦੇ ਹਨ (KJV; NKJV; ASV; NASB; RSV; NRSV; NIV; NAB; NJPSV; NJB; NCV)। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੰਸਕਰਣਾਂ ਵਿਚ ਪਗਟਿੱਪਣੀਆਂ ਹਨ ਜੋ "ਦਰਿਆਈ ਘੋੜੇ" ਅਤੇ "ਮਗਰਮੱਛ" ਦੇ ਅਨੁਵਾਦ ਨੂੰ ਸੁਝਾਉਂਦੇ ਹਨ। NLT ਅਨੁਵਾਦ ਇਨ੍ਹਾਂ ਸ਼ਬਦਾਂ ਨੂੰ ਲਿਖਤ ਵਿਚ ਰੱਖਦਾ ਹੈ।

ਬਹੇਮੋਥ

"ਬਹੇਮੋਥ" "ਦਰਿਆਈ ਘੋੜਾ" ਇਬਰਾਨੀ ਦੇ ਸ਼ਬਦ בְּהֵמוֹת *(ਬੇਹੇਮਾਹ)* ਦਾ ਬਹੁਵਚਨ ਹੈ, ਜਿਸ ਨੂੰ "ਪਸ਼ੂ, ਜਾਨਵਰ, ਡੰਗਰ" ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ।[1] ਇਹ ਪੁਰਾਣੇ ਨੇਮ ਵਿਚ "ਜਾਨਵਰ" ਦੇ ਲਈ ਸਭ ਤੋਂ ਆਮ ਇਬਰਾਨੀ ਸ਼ਬਦ ਹੈ। ਪੁਰਾਣੇ ਨੇਮ ਵਿਚ ਬਹੁਵਚਨ ਰੂਪ ਨੌ ਵਾਰ ਆਉਂਦਾ ਹੈ ਅਤੇ ਇਕ ਅਪਵਾਦ ਦੇ ਨਾਲ "ਦਰਿੰਦੇ" ਦਾ ਅਨੁਵਾਦ ਕੀਤਾ ਜਾਂਦਾ ਹੈ: ਅੱਯੂਬ 40:15. ਇਸ ਪ੍ਰਭਾਵ ਵਿਚ ਬਹੁਵਚਨ ਰੂਪ ਨੂੰ ਤੀਬਰ ਪ੍ਰਭਾਵ ਦੇ ਲਈ ਵਰਤਿਆ ਜਾ ਸਕਦਾ ਹੈ ਜਿਵੇਂ ਕਿ אֱלֹהִים *('ਏਲੋਹੀਮ)* ਬਹੁਵਚਨ ਰੂਪ ਪਰਮੇਸ਼ੁਰ ਦੇ ਲਈ ਵਰਤਿਆ ਜਾਂਦਾ ਹੈ ਅਤੇ ਇਸ ਨੂੰ ਆਮ ਤੌਰ ਤੇ "ਮਹਾਨਤਾ ਦਾ ਬਹੁਵਚਨ" ਕਿਹਾ ਜਾਂਦਾ ਹੈ।

ਐਸ. ਬੋਚਾਰਟ ਦੇ ਸਮੇਂ (1663) ਤੋਂ, *ਬਹੇਮੋਥ* ਦਾ ਅਨੁਵਾਦ "ਦਰਿਆਈ ਘੋੜਾ" ਕੀਤਾ ਗਿਆ ਹੈ, ਜਿਸ ਦਾ ਅਨੁਵਾਦ ਉਸ ਨੇ ਇਕ ਮਿਸਰੀ ਸ਼ਬਦ ਤੋਂ ਲਿਆ ਹੈ ਜੋ "ਬਹੇਮੋਥ" ਵਰਗਾ ਹੈ।[2] ਪਰ, ਹੋਰ ਬਹੁਤ ਸਾਰੀਆਂ ਪਛਾਣਾਂ ਦਾ ਸੁਝਾਅ ਦਿੱਤਾ ਗਿਆ ਹੈ: "ਇਕ ਮਿਥਿਹਾਸਕ ਜੀਵ, ਇਕ ਪ੍ਰਾਚੀਨ ਜਾਨਵਰ ਜੋ ਹੁਣ ਅਲੋਪ ਹੋ ਗਿਆ ਹੈ, ਇਕ ਹਾਥੀ, [ਅਤੇ] ਇਕ ਦਰਿਆਈ ਘੋੜਾ।"[3] ਵੇਨ ਜੈਕਸਨ ਨੇ ਸੁਝਾਅ ਦਿੱਤਾ ਕਿ "ਡਾਇਨਾਸੋਰ ਵਰਗਾ ਕੋਈ ਜੀਵ, ਜਿਵੇਂ ਬਰੋਨਟੋਸਾਰਸ, ਇਕ ਸੁਭਾਵਕ ਸੰਭਾਵਨਾ ਹੋ ਸਕਦੀ ਹੈ।"[4] ਉਸ ਨੇ ਇਸ ਵਿਕਲਪ ਦੇ ਸਮਰਥਨ ਲਈ ਸੱਤ ਦਲੀਲਾਂ ਸੂਚੀਬੱਧ ਕੀਤੀਆਂ।[5]

ਜਦ ਕਿ ਇਹ ਗੱਲ ਸਪੱਸ਼ਟ ਨਹੀਂ ਹੈ, ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਸ ਪਾਠ ਵਿਚ ਡਾਇਨਾਸੋਰ ਦਾ ਇਸਤੇਮਾਲ ਕੀਤਾ ਗਿਆ ਹੈ। ਸਭ ਤੋਂ ਪਹਿਲਾਂ, ਮੈਂ ਕਿਸੇ ਵੀ ਪੁਰਾਤਨ ਗ੍ਰੰਥ ਨੂੰ ਨਹੀਂ ਜਾਣਦਾ ਹਾਂ ਜੋ ਬਾਈਬਲ ਕਾਲ ਦੇ ਦੌਰਾਨ ਡਾਇਨਾਸੋਰ ਦਾ ਵਰਣਨ ਕਰਦਾ ਹੋਵੇ। ਦੂਸਰਾ, ਅੱਯੂਬ ਦੀ ਪੁਸਤਕ ਦੇ ਆਤਮਾ ਦੀ ਪ੍ਰੇਰਣਾ ਪਾਏ ਹੋਏ ਲੇਖਕ ਨੇ "ਕਾਵਿਕ ਤੌਰ

ਤੇ ਵਧਾ ਚੜ੍ਹਾ ਕੇ ਵਰਣਨ ਕਰਨ ਦੇ ਦੁਆਰਾ" ਇਸ ਗੱਲ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸ਼ਕਤੀਸ਼ਾਲੀ ਜੀਵ ਮਨੁੱਖ ਦੇ ਨਿਯੰਤਰਣ ਤੋਂ ਬਾਹਰ ਹੈ।

ਇਸ ਤੋਂ ਇਲਾਵਾ, ਮੈਂ ਐਲਮਰ ਏ. ਮਾਰਟੇਨਸ ਦੇ ਵਿਚਾਰ ਨਾਲ ਵੀ ਸਹਿਮਤ ਨਹੀਂ ਹਾਂ:

> *ਬਹੇਮੋਥ* ਇਕ ਵੱਡੇ ਜ਼ਮੀਨੀ ਜਾਨਵਰ ਵਜੋਂ ਸਭ ਤੋਂ ਉੱਤਮ ਵਿਚਾਰ ਹੈ ਜਿਸ ਦੀਆਂ ਆਦਤਾਂ ਨੂੰ ਜਾਣਿਆ ਅਤੇ ਵਰਣਨ ਕੀਤਾ ਜਾ ਸਕਦਾ ਹੈ ਪਰ ਜਿਵੇਂ ਕਿ, ਕਵਿਤਾ ਵਿਚ ਪ੍ਰਥਾ ਹੈ, ਇਹ ਇਕ ਹੋਰ ਅਰਥ ਨੂੰ ਮਿਥਿਹਾਸਕ ਦੇ ਇਕ ਅਜੀਬ ਦਰਿੰਦੇ ਵਜੋਂ ਦਰਸਾ ਸਕਦਾ ਹੈ। ਇਸ ਲਈ ਇਹ ਸੰਭਵ ਹੈ ਕਿ ਅੱਯੂਬ ਦੇ ਹਵਾਲੇ ਵਿਚ ਇਕ ਮਿਥਿਹਾਸਕ ਦਰਿੰਦੇ ਦਾ ਸੰਕੇਤ ਮੌਜੂਦ ਹੈ, ਪਰ ਇਸ ਤਰ੍ਹਾਂ ਦੇ ਸੰਕੇਤ ਦੀ ਵਿਆਖਿਆ ਇਸ ਲਈ ਨਹੀਂ ਕੀਤੀ ਜਾਂਦੀ ਕਿ ਇਹ ਮਿਥਿਹਾਸਕ ਸੱਚ ਹਨ।[6]

ਮੈਨੂੰ ਇੰਜ ਜਾਪਦਾ ਹੈ ਕਿ ਕੁਦਰਤੀ ਵਿਆਖਿਆ ਪ੍ਰਸੰਗ ਦੇ ਅਨੁਕੂਲ ਹੈ। ਨਿਸ਼ਚਤ ਤੌਰ ਤੇ "ਕਾਵਿਕ ਤੌਰ ਤੇ ਵਧਾ ਚੜ੍ਹਾ ਕੇ" ਇਸ ਨੂੰ ਵਰਤਿਆ ਗਿਆ ਹੈ। ਇਸ ਤਰ੍ਹਾਂ ਬਹੇਮੋਥ ਦੇ ਕੁਝ ਪਹਿਲੂ ਸ਼ਾਇਦ ਦਰਿਆਈ ਘੋੜੇ ਤੇ ਪੂਰੀ ਤਰ੍ਹਾਂ ਦੇ ਨਾਲ ਫਿਟ ਨਹੀਂ ਹੋ ਸਕਦੇ, ਪਰ ਆਮ ਵਿਵਰਣ ਵਿਚ ਇਸਰਾਏਲ ਦੇ ਪਾਠਕਾਂ ਦੁਆਰਾ ਇਕ ਹੈਰਾਨ ਕਰਨ ਵਾਲਾ ਜਾਨਵਰ ਸਮਝਿਆ ਜਾਂਦਾ ਸੀ।

ਲਿਵਯਾਥਾਨ

ਪੁਰਾਣੇ ਨੇਮ ਦੀਆਂ ਪੰਜ ਆਇਤਾਂ ਵਿਚ "ਲਿਵਯਾਥਾਨ" ਸ਼ਬਦ ਛੇ ਵਾਰ ਆਉਂਦਾ ਹੈ। ਇਨ੍ਹਾਂ ਵੱਖ-ਵੱਖ ਸੰਦਰਭਾਂ ਵਿਚ, ਕੋਹਲਰ ਅਤੇ ਬਾਉਮਗਾਰਟਨਰ ਸ਼ਬਦਕੋਸ਼ ਹੇਠ ਲਿਖੇ ਅਨੁਵਾਦਾਂ ਦਾ ਪ੍ਰਸਤਾਵ ਦਿੰਦੇ ਹਨ: "ਡਰੈਗਨ" (3:8), "ਮਗਰਮੱਛ" (41:1) ਅਤੇ "ਵੇਲ" (ਜ਼ਬੂਰ 104:26)। ਬਹੁਤ ਸਾਰੇ ਆਧੁਨਿਕ ਅਨੁਵਾਦ ਇਬਰਾਨੀ ਸ਼ਬਦ ਨੂੰ "ਲਿਵਯਾਥਾਨ" ਦੇ ਰੂਪ ਵਿਚ ਲਿਪੀਅੰਤਰਿਤ ਕਰਦੇ ਹਨ।

ਫਿਰ ਤੋਂ, ਅੱਯੂਬ 41:1-34 ਵਿਚ ਦੱਸੇ ਗਏ ਜੀਵ ਦੀ ਪਛਾਣ ਕਰਨ ਦੀ ਕੋਸ਼ਿਸ਼ ਵਿਚ ਬਹੁਤ ਸਾਰੇ ਵਿਚਾਰ-ਵਟਾਂਦਰੇ ਅਤੇ ਕਲਪਨਾਵਾਂ ਸ਼ਾਮਲ ਹਨ। ਐੱਚ. ਐੱਚ. ਰਾਉਲੀ ਨੇ ਕਿਹਾ, "ਬਿਨਾ ਸ਼ੱਕ ਲਿਵਯਾਥਾਨ ਇਕ ਮਿਥਿਹਾਸਕ ਜੀਵ ਸੀ।"[7] ਪਰ, ਰੌਬਟਰ ਗੋਰਡਿਸ ਨੇ ਦਲੀਲ ਦਿੱਤੀ, "ਦਰਿਆਈ ਘੋੜਾ ਅਤੇ ਮਗਰਮੱਛ ਅਸਲੀ ਦਰਿੰਦੇ ਹਨ ਅਤੇ ਉਨ੍ਹਾਂ ਨੂੰ ਪ੍ਰਸ਼ੰਸਾ ਦੇ ਇਨ੍ਹਾਂ ਗੀਤਾਂ ਵਿਚ ਸ਼ਾਮਲ ਕਰਨ ਦੇ ਲਈ ਚੁਣਨਾ ਕਿਸੇ ਵੀ ਤਰ੍ਹਾਂ ਨਾਲ ਕੋਈ ਇਤਫਾਕ ਨਹੀਂ ਹੈ।"[8] ਉਸ ਨੇ ਇਸ ਧਾਰਣਾ ਨੂੰ ਵੀ ਰੱਦ ਕਰ ਦਿੱਤਾ ਕਿ ਦੂਸਰੀ ਗੱਲਬਾਤ ਪਹਿਲੀ ਨਾਲੋਂ ਘਟੀਆ ਹੈ ਅਤੇ ਅਗਲੇ ਜੋੜ ਵਿਚ ਉਸ ਨੂੰ ਖਾਰਿਜ਼ ਕਰ ਦੇਣਾ ਚਾਹੀਦਾ ਹੈ। ਉਸ ਨੇ ਕਿਹਾ, "ਇਹ ਇਕ ਬਹੁਤ ਹੀ ਵਿਅਕਤੀਗਤ ਦ੍ਰਿਸ਼ਟੀਕੋਣ ਹੈ ਜੋ ਮੈਂ ਸਾਂਝਾ ਨਹੀਂ ਕਰਦਾ ਹਾਂ।"[9]

ਹਾਲਾਂਕਿ ਇਹ ਸੱਚ ਹੈ ਕਿ ਪੁਰਾਣੇ ਨੇਮ ਦੇ ਵੱਖ-ਵੱਖ ਸੰਦਰਭਾਂ ਵਿਚ "ਲਿਵਯਾਥਾਨ" ਸ਼ਬਦ ਦੀ ਵਰਤੋਂ ਨਾਲ ਵੱਖ-ਵੱਖ ਜਾਨਵਰਾਂ ਨੂੰ ਦਰਸਾਇਆ ਜਾ ਸਕਦਾ ਹੈ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅੱਯੂਬ 41 ਅਧਿਆਇ ਵਿਚ ਦਿੱਤੇ ਗਏ ਵਰਣਨ ਮਗਰਮੱਛ ਦੇ ਅਨੁਕੂਲ ਹਨ।

ਸਿੱਟਾ

ਮੈਂ ਰੇਅ ਸੀ. ਸਟੈਂਡਮੈਨ ਵੱਲ ਨਹੀਂ ਜਾਵਾਂਗਾ ਜਿਸ ਨੇ ਲਿਖਿਆ ਸੀ, "ਜ਼ਿਆਦਾਤਰ ਭਾਗ

ਦੇ ਲਈ ਜਾਨਵਰਾਂ ਦੀ ਪਛਾਣ ਦੇ ਵਿਸ਼ੇ ਵਿਚ ਬਹਿਸ ਕਰਨਾ ਸਮਾਂ ਬਰਬਾਦ ਕਰਨ ਦੇ ਸਮਾਨ ਹੈ।"[10] ਪਰ, ਮੈਂ ਇਹ ਯਾਦ ਕਰਾਉਣਾ ਚਾਹਾਂਗਾ ਕਿ ਵਚਨ ਵਿਚ ਜਾਨਵਰਾਂ ਦੀਆਂ ਕਈ ਉਦਾਹਰਣਾਂ ਹਨ ਜੋ ਬਹੁਤ ਹੀ ਪ੍ਰਤੀਕਾਤਮਕ ਹਨ। ਜਦੋਂ ਉਨ੍ਹਾਂ ਨੂੰ ਕੁਦਰਤੀ ਖੇਤਰ ਵਿਚ ਰਹਿਣ ਵਾਲੇ ਦੇ ਰੂਪ ਵਿਚ ਕਿਹਾ ਜਾਂਦਾ ਹੈ, ਤਾਂ ਉਹ ਉਸ ਦਾਇਰੇ ਤੋਂ ਬਾਹਰ ਨਿਕਲ ਜਾਂਦੇ ਹਨ। ਅਸੀਂ ਕਦੀ ਵੀ ਬਹੇਮੋਥ ਅਤੇ ਲਿਵਯਾਥਾਨ ਨੂੰ ਪੂਰਨ ਤੌਰ ਤੇ ਪਛਾਣਨ ਦੇ ਯੋਗ ਨਹੀਂ ਹੋ ਸਕਦੇ ਹਾਂ, ਪਰ ਸਾਨੂੰ ਅੱਯੂਬ ਦੇ ਲਈ ਪ੍ਰਭੂ ਦੇ ਇੱਛਿਤ ਸੰਦੇਸ਼ ਨੂੰ ਨਹੀਂ ਭੁੱਲਣਾ ਚਾਹੀਦਾ।

ਟਿੱਪਣੀਆਂ

[1]ਫ੍ਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ ਦੀ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1968), 96, ਅਤੇ ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:111-12. [2]ਜੀ. ਜੋਹੈਨਸ ਬੋਟਰਵੈਕ, *ਥੀਓਲੀਜੀਕਲ ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ*, ਸੰਪਾ. ਜੀ. ਜੋਹੈਨਸ ਬੋਟਰਵੈਕ ਅਤੇ ਹੈਲਮਰ ਰਿੰਗਰੇਨ, ਅਨੁਵਾਦ ਜੌਨ ਟੀ. ਵਿਲਸ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1975), 2:17, "*ਬੀਹੀਮਾਹ; ਬੀਹੀਮੋਥ*" ਹੈ। [3]ਜੇਮਸ ਬਰਟਨ ਅਤੇ ਥੈਲਮਾ ਬੀ. ਕੋਫਮੈਨ, *ਦ ਬੁਕ ਆਫ਼ ਅੱਯੂਬ* (ਐਬੀਲੀਨ, ਟੈਕਸਾਸ: ਏਸੀਯੂ ਪ੍ਰੈਸ, 1993), 363. [4]ਵੇਨ ਜੈਕਸਨ, *ਦ ਬੁਕ ਆਫ਼ ਅੱਯੂਬ* (ਐਬੀਲੀਨ, ਟੈਕਸਾਸ: ਕੁਆਲਿਟੀ ਪਬਲੀਕੇਸ਼ਨਜ਼, 1983), 86. [5]ਉਸੇ ਸਥਾਨ ਤੇ। [6]ਐਲਮਰ ਏ. ਮਾਰਟੇਨਜ, *ਥੀਓਲੀਜੀਕਲ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ*, ਸੋਧ ਆਰ. ਲਾਇਰਡ ਹੈਰਿਸ, ਗਲੀਸਨ ਐਲ. ਆਰਚਰ, ਜੂਨੀਅਰ ਅਤੇ ਬਰੂਸ ਕੇ. ਵਾਲਟਕੀ (ਸ਼ਿਕਾਗੋ: ਮੂਡੀ ਪ੍ਰੈਸ, 1980), 1:93, "בהם *(ਬੀਹਮ)*" ਹੈ। [7]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 332. [8]ਰੌਬਰਟ ਗੋਰਡਿਸ *ਦ ਬੁਕ ਆਫ਼ ਗੌਡ ਐਂਡ ਮੈਨ: ਏ ਸਟੱਡੀ ਆਫ਼ ਅੱਯੂਬ* (ਸ਼ਿਕਾਗੋ: ਦਿ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1965), 120. [9]ਉਸ ਸਥਾਨ ਤੇ, 122. [10]ਰੇਅ ਸੀ. ਸਟੈਡਮੈਨ, *ਇਕਸਪੋਜਿਟਰੀ ਸਟੱਡੀਜ਼ ਇਨ ਅੱਯੂਬ: ਬਿਹਾਇੰਡ ਸਫਰਿੰਗ* (ਵਾਕੋ, ਟੈਕਸਾਸ: ਵਰਡ ਬੁਕਸ, 1981), 176.